# ਕਨੇਡਾ-ਅਮਰੀਕਾ ਦੇ ਮਹਾਨ ਗਦਰੀਆਂ ਦੇ ਰੇਖਾ-ਚਿੱਤਰ

**ਸੋਹਣ ਸਿੰਘ ਪੂੰਨੀ**

ਅਮਰੀਕਾ ਦੀ ਧਰਤੀ 'ਤੇ ਆ ਕੇ ਵਸਣ ਵਾਲ਼ਾ ਸਭ ਤੋਂ ਪਹਿਲਾ ਪੰਜਾਬੀ ਸ਼ਾਇਦ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਦਾ ਬਖਸ਼ੀਸ਼ ਸਿੰਘ ਢਿੱਲੋਂ ਸੀ ਜੋ ਆਪਣੇ ਤਿੰਨ ਸਿੱਖ ਸਾਥੀਆਂ ਸਮੇਤ 1899 'ਚ ਸਾਨਫਰਾਂਸਿਸਕੋ ਦੀ ਬੰਦਰਗਾਹ 'ਤੇ ਉੱਤਰਿਆ ਸੀ। ਕਨੇਡਾ ਵਿਚ ਹਿੰਦੁਸਤਾਨੀ ਆਵਾਸੀ 1903-04 'ਚ ਆਉਣੇ ਸ਼ੁਰੂ ਹੋਏ ਸਨ। 1908 ਤੱਕ ਕਨੇਡਾ ਵਿਚ 5200 ਦੇ ਲਗ-ਪਗ ਹਿੰਦੁਸਤਾਨੀ ਦਾਖਲ ਹੋ ਚੁੱਕੇ ਸਨ।[1] ਇਨ੍ਹਾਂ 'ਚੋਂ ਅੱਧੇ ਜ਼ਲਦੀ ਹੀ ਕਨੇਡਾ ਛੱਡ ਕੇ ਅਮਰੀਕਾ ਜਾ ਵਸੇ ਸਨ। ਇਸ ਤਰ੍ਹਾਂ 1912 ਤੱਕ ਕਨੇਡਾ ਵਿਚ ਢਾਈ-ਤਿੰਨ ਹਜ਼ਾਰ ਹਿੰਦੁਸਤਾਨੀ ਰਹਿ ਰਹੇ ਗਏ ਸਨ।[2] ਤੇ ਅਮਰੀਕਾ ਵਿਚ ਹਿੰਦੁਸਤਾਨੀਆਂ ਦੀ ਗਿਣਤੀ 7-8 ਹਜ਼ਾਰ ਦੇ ਲਗ-ਪਗ ਹੋ ਗਈ ਸੀ।

ਕਨੇਡਾ-ਅਮਰੀਕਾ ਵਿਚ ਰਹਿੰਦੇ ਇਨ੍ਹਾਂ ਹਿੰਦੁਸਤਾਨੀ ਆਵਾਸੀਆਂ ਨੇ 1913 ਵਿਚ ਅਮਰੀਕਾ 'ਚ ਗਦਰ ਪਾਰਟੀ ਬਣਾਈ ਸੀ। ਗਦਰ ਪਾਰਟੀ ਦਾ ਉਦੇਸ਼ ਹਥਿਆਰਾਂ ਦੇ ਜ਼ੋਰ ਹਿੰਦੁਸਤਾਨ ਲਈ ਆਜ਼ਾਦੀ ਪ੍ਰਾਪਤ ਕਰਨਾ ਸੀ। ਅਗਸਤ 1914 'ਚ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ 'ਤੇ ਕਨੇਡਾ-ਅਮਰੀਕਾ ਤੇ ਬਾਹਰਲੇ ਹੋਰ ਦੇਸ਼ਾਂ 'ਚ ਰਹਿੰਦੇ ਗਦਰੀਆਂ ਨੇ ਹਿੰਦੁਸਤਾਨ ਜਾ ਕੇ ਗਦਰ ਕਰਨ ਦੀ ਕੋਸ਼ਿਸ਼ ਕੀਤੀ ਸੀ ਜੋ ਕਾਮਯਾਬ ਨਹੀਂ ਸੀ ਹੋ ਸਕੀ। ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਦਰਜਨਾਂ ਗਦਰੀ ਫਾਂਸੀ ਚਾੜ੍ਹ ਦਿੱਤੇ ਸਨ ਤੇ ਸੈਂਕੜੇ ਗਦਰੀਆਂ ਨੂੰ ਉਮਰ ਕੈਦ ਜਾਂ ਇਸ ਤੋਂ ਘੱਟ ਮਿਆਦ ਦੀਆਂ ਸਜ਼ਾਵਾਂ ਦੇ ਕੇ ਜੇਲ੍ਹੀਂ ਬੰਦ ਕਰ ਦਿੱਤਾ ਸੀ। ਇਹ ਗਦਰੀ ਕੌਣ ਸਨ? ਇਨ੍ਹਾਂ ਦਾ ਪਿਛੋਕੜ ਕੀ ਸੀ? ਇਹ ਕਨੇਡਾ-ਅਮਰੀਕਾ ਕੀ ਕਰਨ ਆਏ ਸਨ? ਇਹ ਗਦਰੀ ਕਿੰਝ ਬਣ ਗਏ? ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਕੀ ਕੁਝ ਕੀਤਾ? ਇਹ ਕਾਮਯਾਬ ਕਿਉਂ ਨਾ ਹੋ ਸਕੇ? ਹਿੰਦੁਸਤਾਨ ਦੀ ਆਜ਼ਾਦੀ ਨੂੰ ਇਨ੍ਹਾਂ ਦੀ ਕੀ ਦੇਣ ਹੈ? ਇਨ੍ਹਾਂ ਸਭ ਸਵਾਲਾਂ 'ਤੇ ਵਿਚਾਰ ਕਰਨ ਲਈ ਇਸ ਪੇਪਰ ਵਿਚ ਗਦਰ ਲਹਿਰ 'ਚ ਅਹਿਮ ਭੂਮਿਕਾ ਨਿਭਾਉਣ ਵਾਲ਼ੇ ਕਨੇਡਾ-ਅਮਰੀਕਾ ਦੇ ਚਾਰ ਗਦਰੀਆਂ ਦੀਆਂ ਜੀਵਨੀਆਂ ਸਾਂਝੀਆਂ ਕੀਤੀਆਂ ਗਈਆਂ ਹਨ। ਕਨੇਡਾ ਦੇ ਗਦਰੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਤੋਂ ਇਲਾਵਾ ਕਨੇਡਾ ਵਿਚ ਆਪਣੇ ਹੱਕਾਂ ਲਈ ਵੀ ਘੋਲ਼ ਲੜੇ ਸੀ। ਇਸ ਲਈ ਕਨੇਡਾ ਦੇ ਇਨ੍ਹਾਂ ਗਦਰੀਆਂ ਵੱਲੋਂ ਕਨੇਡਾ ਵਿਚ ਆਪਣੇ ਹੱਕਾਂ ਲਈ ਕੀਤੇ ਇਸ ਸੰਘਰਸ਼ ਨੂੰ ਵੀ ਇਸ ਪੇਪਰ ਵਿਚ ਵਿਚਾਰਿਆ ਗਿਆ ਹੈ।

ਗਦਰ ਪਾਰਟੀ ਦੀ ਸਥਾਪਨਾ ਭਾਵੇਂ 1913 ਦੇ ਅੱਧ ਵਿਚ ਅਮਰੀਕਾ ਦੇ ਸ਼ਹਿਰ ਅਸਟੋਰੀਆ ਵਿਚ ਹੋਈ ਸੀ ਤੇ ਇਸ ਦਾ ਹੈੱਡਕੁਆਟਰ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਚ ਸੀ ਪਰ ਗਦਰ ਲਹਿਰ ਦੀ ਸ਼ੁਰੂਆਤ ਇਸ ਤੋਂ ਕੁੱਝ ਵਰ੍ਹੇ ਪਹਿਲਾਂ ਕਨੇਡਾ ਵਿਚ ਹੋ ਚੁੱਕੀ ਸੀ। ਗਦਰੀਆਂ ਉੱਤੇ ਚੱਲੇ ਲਾਹੌਰ ਕਾਂਸਪੀਰੇਸੀ ਕੇਸ ਦਾ ਸਤੰਬਰ, 1915 'ਚ ਫੈਸਲਾ ਦਿੰਦਿਆਂ ਟ੍ਰਿਬਿਊਨਲ ਦੇ ਕਮਿਸ਼ਨਰਾਂ ਨੇ ਲਿਖਿਆ ਸੀ, " ਹੁਣ ਵਾਲ਼ੀ ਸਾਜ਼ਿਸ਼ ਦੀ ਸ਼ੁਰੂਆਤ ਅਮਰੀਕਾ ਦੇ ਪੱਛਮੀ ਤੱਟ ਤੋਂ ਹੋਈ ਹੈ। ਇਸ ਦੇ ਦੋ ਵੱਡੇ ਸੈਂਟਰ ਵੈਨਕੂਵਰ ਤੇ ਸਾਨਫਰਾਂਸਿਸਕੋ ਸਨ। ਸ਼ੁਰੂ ਵਿਚ ਵੈਨਕੂਵਰ ਸੈਂਟਰ ਹੁੰਦਾ ਸੀ ਤੇ ਇਹ ਉਦੋਂ ਤੱਕ ਸੈਂਟਰ ਬਣਿਆਂ ਰਿਹਾ ਜਦੋਂ ਤੱਕ ਸਾਨਫਰਾਂਸਿਸਕੋ ਨੇ ਇਸ ਦੀ ਥਾਂ ਨਹੀਂ ਮੱਲ ਲਈ। "[3]

---

[1] Private Memorandum by F. C. Blair, Immigration Branch, department of the Interior, 26 January, 1912, VCA.

[2] *ਸੰਸਾਰ*, ਵਿਕਟੋਰੀਆ, ਜੁਲਾਈ, 1913.

[3]. Lahore Conspiracy Case Judgement, September 13, 1915, Part 3, The History of the Conspiracy and War, p. 1.

ਕਨੇਡਾ ਵਿਚ ਗਦਰ ਲਹਿਰ ਦੀ ਰੂਹ ਵੈਨਕੂਵਰ ਗੁਰਦੁਆਰੇ ਦਾ ਗ੍ਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਸੀ। ਭਾਈ ਬਲਵੰਤ ਸਿੰਘ ਦਾ ਜਨਮ 1882 ਈ. ਨੂੰ ਜ਼ਿਲ੍ਹਾ ਜਲੰਧਰ 'ਚ ਆਦਮਪੁਰ ਨੇੜੇ ਪਿੰਡ ਖੁਰਦਪੁਰ 'ਚ ਹੋਇਆ ਸੀ। ਮਿਡਲ ਪਾਸ ਕਰਕੇ ਇਹ ਫੌਜ ਵਿਚ ਭਰਤੀ ਹੋ ਗਏ। ਕੁੱਝ ਸਮਾਂ ਫੌਜ ਦੀ ਨੌਕਰੀ ਕਰਨ ਬਾਅਦ, ਫੌਜ 'ਚੋਂ ਅਸਤੀਫਾ ਦੇ ਕੇ, 1906 ਵਿਚ ਇਹ ਕਨੇਡਾ ਦੇ ਸ਼ਹਿਰ ਵੈਨਕੂਵਰ ਆ ਗਏ। ਕਨੇਡਾ ਆਏ ਹਿੰਦੁਸਤਾਨੀ ਆਵਾਸੀਆਂ ਵਿਚ ਬਹੁਤ ਵੱਡੀ ਗਿਣਤੀ, 90% ਦੇ ਲਗ-ਪਗ, ਪੰਜਾਬੀ ਸਿੱਖਾਂ ਦੀ ਸੀ ਜਿਨ੍ਹਾਂ ਵਿਚ ਕਾਫੀ ਗਿਣਤੀ ਉਨ੍ਹਾਂ ਦੀ ਸੀ ਜੋ ਬ੍ਰਿਟਿਸ਼ ਇੰਡੀਅਨ ਆਰਮੀ ਦੀਆਂ ਨੌਕਰੀਆਂ ਕਰਦੇ ਆਏ ਸਨ। ਕਨੇਡਾ ਆਏ ਦੂਸਰੇ ਹਿੰਦੁਸਤਾਨੀਆਂ ਵਾਂਗ ਭਾਈ ਬਲਵੰਤ ਸਿੰਘ ਹੁਰੀਂ ਵੀ ਇਹ ਸਮਝਦੇ ਸਨ ਕਿ ਕਨੇਡਾ ਅੰਗਰੇਜ਼ ਸਾਮਰਾਜੀਆਂ ਦੀ ਹੀ ਇਕ ਬਸਤੀ ਹੈ। ਬ੍ਰਤਾਨਵੀ ਸਲਤਨਤ ਦੇ ਬਾਸ਼ਿੰਦੇ ਹੋਣ ਕਾਰਨ ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀ ਕਨੇਡਾ ਵਿਚ ਦਾਖਲ ਹੋਣ, ਇੱਥੇ ਰਹਿ ਸਕਣ ਤੇ ਕੰਮ ਕਰ ਸਕਣ ਨੂੰ ਆਪਣਾ ਹੱਕ ਸਮਝਦੇ ਸਨ। ਮਲਕਾ ਵਿਕਟੋਰੀਆ ਨੇ ਵੀ 1857 ਦੇ ਗਦਰ ਪਿੱਛੋਂ ਐਲਾਨ ਕਰ ਰੱਖਿਆ ਸੀ ਕਿ ਉਹ ਬ੍ਰਤਾਨਵੀ ਸਲਤਨਤ ਦੇ ਸਾਰੇ ਬਾਸ਼ਿੰਦਿਆਂ ਨੂੰ ਇਕ ਨਿਗਾਹ ਨਾਲ਼ ਵੇਖੇਗੀ ਜਿਸ ਵਿਚ ਹਿੰਦੁਸਤਾਨੀ ਵੀ ਸ਼ਾਮਲ ਹੋਣਗੇ। ਪਰ ਕਨੇਡਾ ਆ ਕੇ ਭਾਈ ਬਲਵੰਤ ਸਿੰਘ ਹੁਰਾਂ ਨੂੰ ਤਲਖ ਹਕੀਕਤਾਂ ਦਾ ਸਾਹਮਣਾ ਕਰਨਾ ਪਿਆ। ਇੱਥੇ ਆਪ ਨੂੰ ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪਿਆ। ਕਨੇਡਾ ਦੀ ਸਰਕਾਰ ਵੱਲੋਂ ਵੀ ਹਿੰਦੁਸਤਾਨੀਆਂ ਨਾਲ਼ ਜਥੇਬੰਦਕ ਢੰਗ ਨਾਲ਼ ਵਿਤਕਰਾ ਕੀਤਾ ਜਾ ਰਿਹਾ ਸੀ। 27 ਮਾਰਚ, 1907 ਵਾਲ਼ੇ ਦਿਨ ਹਿੰਦੁਸਤਾਨੀਆਂ ਕੋਲੋਂ ਵੋਟ ਦਾ ਹੱਕ ਖੋਹ ਲਿਆ ਗਿਆ। ਸਤੰਬਰ 1907 ਵਿਚ ਵੈਨਕੂਵਰ ਨੇੜੇ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿਚ ਨਸਲਵਾਦੀ ਗੋਰਿਆਂ ਨੇ ਹਿੰਦੁਸਤਾਨੀ ਕਾਮਿਆਂ ਨੂੰ ਕੁੱਟ-ਮਾਰ ਕੇ ਸ਼ਹਿਰ 'ਚੋਂ ਕੱਢ ਦਿੱਤਾ। ਇਸ ਤੋਂ ਕੁੱਝ ਦਿਨ ਬਾਅਦ ਨਸਲਵਾਦੀ ਗੋਰਿਆਂ ਨੇ ਵੈਨਕੂਵਰ ਵਿਚ ਏਸ਼ੀਆਈ ਲੋਕਾਂ ਉੱਤੇ ਹਮਲੇ ਕੀਤੇ। ਇਸ ਸਭ ਕਾਸੇ ਨੇ ਭਾਈ ਬਲਵੰਤ ਸਿੰਘ ਦੀ ਰੂਹ ਪੱਛ ਸੁੱਟੀ।

ਵੈਨਕੂਵਰ ਦੇ ਸਿੱਖਾਂ ਨੇ ਜੁਲਾਈ 1906 ਵਿਚ 'ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ' ਨਾਂ ਦੀ ਜਥੇਬੰਦੀ ਬਣਾਈ ਸੀ। ਭਾਈ ਬਲਵੰਤ ਸਿੰਘ ਨੇ ਇਸ ਜਥੇਬੰਦੀ ਨਾਲ਼ ਰਲ਼ਕੇ ਵੈਨਕੂਵਰ ਵਿਚ ਉੱਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। 19 ਜਨਵਰੀ, 1908 ਨੂੰ ਖੁੱਲ੍ਹੇ ਇਸ ਗੁਰਦੁਆਰੇ ਦੇ ਭਾਈ ਬਲਵੰਤ ਸਿੰਘ ਪਹਿਲੇ ਗ੍ਰੰਥੀ ਥਾਪੇ ਗਏ। ਵੈਨਕੂਵਰ ਦਾ ਇਹ ਗੁਰਦੁਆਰਾ ਸਿਰਫ ਸਿੱਖਾਂ ਦਾ ਧਾਰਮਿਕ ਕੇਂਦਰ ਹੀ ਨਹੀਂ ਸੀ ਸਗੋਂ ਇਹ ਸਾਰੇ ਹਿੰਦੁਸਤਾਨੀਆਂ ਦੀਆਂ ਸਮਾਜਿਕ ਅਤੇ ਸਿਆਸੀ ਗਤੀ-ਵਿਧੀਆਂ ਦਾ ਕੇਂਦਰ ਵੀ ਸੀ। ਵੀਕਐਂਡ ਉੱਤੇ ਗੁਰਦੁਆਰੇ ਦੀ ਬੇਸਮੈਂਟ ਵਿਚ ਇਮੀਗ੍ਰੇਸ਼ਨ, ਨਸਲਵਾਦ ਅਤੇ ਰਾਜਨੀਤਕ ਮੁੱਦਿਆਂ ਬਾਰੇ ਮੀਟਿੰਗਾਂ ਹੁੰਦੀਆਂ ਸਨ ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸ਼ਾਮਲ ਹੁੰਦੇ ਸਨ।

ਕਨੇਡਾ ਦੇ ਆਜ਼ਾਦ ਮਾਹੌਲ 'ਚ ਰਹਿਣ ਨਾਲ਼ ਹਿੰਦੁਸਤਾਨੀ ਆਵਾਸੀ ਸਿਆਸੀ ਤੌਰ 'ਤੇ ਜਾਗ੍ਰਿਤ ਹੁੰਦੇ ਸਨ ਤੇ ਉਨ੍ਹਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੁੰਦਾ ਸੀ। ਇਹ ਗੱਲ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਲਈ ਖਤਰਨਾਕ ਸੀ। ਇਸ ਲਈ ਕਨੇਡਾ ਦੀ ਸਰਕਾਰ ਨੇ ਹਿੰਦੁਸਤਾਨੀਆਂ ਦੇ ਕਨੇਡਾ ਵਿਚ ਦਾਖਲੇ ਨੂੰ ਰੋਕਣ ਲਈ ਬ੍ਰਤਾਨੀਆ ਅਤੇ ਹਿੰਦੁਸਤਾਨ ਦੀ ਸਰਕਾਰ ਨਾਲ਼ ਸਲਾਹ ਕਰਕੇ 1908 ਵਿਚ ਇਮੀਗ੍ਰੇਸ਼ਨ ਦੇ 'ਸਿੱਧੇ ਸਫਰ' ਅਤੇ 'ਜੇਬ ਵਿਚ ਦੋ ਸੌ ਡਾਲਰ' ਦੀ ਸ਼ਰਤ ਵਾਲ਼ੇ ਨਸਲਵਾਦੀ ਕਾਨੂੰਨ ਬਣਾਏ। ਉਸ ਵਕਤ ਕਿਸੇ ਵੀ ਕੰਪਨੀ ਦਾ ਕੋਈ ਵੀ ਜਹਾਜ਼ ਹਿੰਦੁਸਤਾਨ ਤੋਂ ਚੱਲਕੇ ਸਿੱਧਾ ਕਨੇਡਾ ਨਹੀਂ ਸੀ ਆਉਂਦਾ। ਸਪਸ਼ਟ ਸੀ ਕਿ ਇਹ ਕਾਨੂੰਨ ਬਣਾਉਣ ਵਾਲ਼ਿਆਂ ਦਾ ਅਸਲ ਤੇ ਇਕੋ-ਇਕ ਮਕਸਦ ਹਿੰਦੁਸਤਾਨੀਆਂ ਦੇ ਕਨੇਡਾ ਵਿਚ ਦਾਖਲੇ 'ਤੇ ਪਾਬੰਦੀ ਲਾਉਣਾ ਹੀ ਸੀ। ਇਨ੍ਹਾਂ ਕਾਨੂੰਨਾਂ ਦੇ ਬਣਨ ਨਾਲ਼ 1908 ਤੋਂ ਬਾਅਦ ਹਿੰਦੁਸਤਾਨੀਆਂ ਦਾ ਕਨੇਡਾ ਵਿਚ ਆਉਣਾ ਤਕਰੀਬਨ ਬੰਦ ਹੀ ਹੋ ਗਿਆ।

ਬ੍ਰਤਾਨਵੀ ਸਲਤਨਤ ਦੀਆਂ ਚਿੱਟੀਆਂ ਕਲੋਨੀਆਂ ਵਿਚ ਹਿੰਦੁਸਤਾਨੀਆਂ ਦਾ ਦਾਖਲਾ ਰੋਕਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਸੀ। ਆਸਟ੍ਰੇਲੀਆ ਦੀ ਸਰਕਾਰ ਵੱਲੋਂ 1901 ਦਾ 'ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ' ਅਤੇ 1901 ਦਾ 'ਲੇਬਰ ਰੈਕਰੂਟਮੈਂਟ ਐਕਟ' ਪਾਸ ਕੀਤੇ ਜਾਣ ਨਾਲ਼ ਹਿੰਦੁਸਤਾਨੀਆਂ ਦਾ ਆਸਟ੍ਰੇਲੀਆ ਜਾਣਾ ਪਹਿਲਾਂ ਹੀ

ਬੰਦ ਹੋ ਚੁੱਕਾ ਸੀ। ਨਿਊਜ਼ੀਲੈਂਡ ਵਿਚ ਵੀ ਇਸ ਤਰ੍ਹਾਂ ਦੇ ਵਿਤਕਰਿਆਂ ਭਰੇ ਕਾਨੂੰਨ ਬਣਾਏ ਗਏ ਸਨ ਤੇ ਹੁਣ ਕਨੇਡਾ ਵਿਚ ਹਿੰਦੁਸਤਾਨੀਆਂ ਦਾ ਆਉਣਾ ਬੰਦ ਕਰ ਦਿੱਤਾ ਗਿਆ ਸੀ। ਬ੍ਰਤਾਨਵੀ ਸਲਤਨਤ ਵਿਚ ਹਿੰਦੁਸਤਾਨੀਆਂ ਨਾਲ਼ ਹੋ ਰਹੇ ਮਤਰੇਏ ਬੱਚਿਆਂ ਵਾਲ਼ੇ ਇਸ ਸਲੂਕ ਤੋਂ ਭਾਈ ਬਲਵੰਤ ਸਿੰਘ ਬੜੇ ਦੁਖੀ ਸਨ। ਉਨ੍ਹਾਂ ਨੇ ਕਨੇਡਾ ਦੀ ਸਿੱਖ ਕਮਿਊਨਿਟੀ ਨੂੰ ਇਨ੍ਹਾਂ ਵਿਤਕਰਿਆਂ ਵਿਰੁੱਧ ਜਾਗ੍ਰਿਤ ਕਰਨਾ ਸ਼ੁਰੂ ਕਰ ਦਿੱਤਾ।

ਕਨੇਡੀਅਨ ਸਰਕਾਰ ਨੇ ਅਕਤੂਬਰ-ਨਵੰਬਰ 1908 ਵਿਚ ਕਨੇਡਾ ਦੇ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਇੱਥੋਂ ਕੱਢਕੇ ਕੇਂਦਰੀ ਅਮਰੀਕਾ ਦੀ ਬ੍ਰਿਟਸ਼ ਕਲੋਨੀ ਹਾਂਡੂਰਾਸ ਵਿਚ ਭੇਜਣ ਦੀ ਸਾਜ਼ਿਸ਼ ਘੜੀ। ਕਨੇਡੀਅਨ ਸਰਕਾਰ ਨੇ ਹਿੰਦੁਸਤਾਨੀ ਆਵਾਸੀਆਂ ਉੱਤੇ ਬੜਾ ਦਬਾਅ ਪਾਇਆ ਕਿ ਉਹ ਕਨੇਡਾ ਛੱਡ ਕੇ ਹਾਂਡੂਰਾਸ ਚਲੇ ਜਾਣ ਪਰ ਭਾਈ ਬਲਵੰਤ ਸਿੰਘ ਨੇ ਸੰਤ ਤੇਜਾ ਸਿੰਘ ਤੇ ਭਾਈ ਭਾਗ ਸਿੰਘ ਵਰਗੇ ਆਪਣੇ ਸਾਥੀਆਂ ਨਾਲ਼ ਰਲ਼ਕੇ ਕਨੇਡੀਅਨ ਸਰਕਾਰ ਦੀ ਇਸ ਤਜਵੀਜ਼ ਨੂੰ ਮੰਨਣੋ ਨਾਂਹ ਕਰ ਦਿੱਤੀ। ਇਸ ਤਰ੍ਹਾਂ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਨਾਲ਼ ਰਲ਼ਕੇ ਹਿੰਦੁਸਤਾਨੀ ਕਮਿਊਨਿਟੀ ਨੂੰ ਕਨੇਡਾ 'ਚੋਂ ਉਜੜਨੋਂ ਬਚਾ ਲਿਆ।

ਵੈਨਕੂਵਰ ਰਹਿੰਦਿਆਂ ਭਾਈ ਬਲਵੰਤ ਸਿੰਘ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਦਾਸ ਨਾਲ਼ ਹੋਈ। ਕਨੇਡਾ ਦੇ ਆਜ਼ਾਦ ਮਾਹੌਲ 'ਚ ਰਹਿਣ ਕਾਰਨ ਅਤੇ ਬਾਬੂ ਤਾਰਕਨਾਥ ਦਾਸ ਵਰਗੇ ਇਨਕਲਾਬੀਆਂ ਨਾਲ਼ ਨੇੜਤਾ ਸਦਕਾ ਭਾਈ ਬਲਵੰਤ ਸਿੰਘ ਸਿਆਸੀ ਤੌਰ'ਤੇ ਜਾਗ੍ਰਿਤ ਹੋਏ। ਉਹ ਮਹਿਸੂਸ ਕਰਨ ਲੱਗੇ ਕਿ ਹਿੰਦੁਸਤਾਨੀਆਂ ਦੇ ਦੁੱਖਾਂ-ਤਕਲੀਫਾਂ ਦਾ ਅਸਲ ਕਾਰਨ ਉਨ੍ਹਾਂ ਦੀ ਗੁਲਾਮੀ ਹੈ ਤੇ ਉਹ ਉਦੋਂ ਤੱਕ ਇੱਜ਼ਤ-ਮਾਣ ਦੀ ਜ਼ਿੰਦਗੀ ਨਹੀਂ ਜੀਅ ਸਕਦੇ ਜਦੋਂ ਤੱਕ ਹਿੰਦੁਸਤਾਨ ਆਜ਼ਾਦ ਨਹੀਂ ਹੁੰਦਾ। ਉਹ ਇਹ ਗੱਲ ਵੀ ਸਮਝਣ ਲੱਗੇ ਕਿ ਆਜ਼ਾਦੀ ਸਿਰਫ 'ਸੱਚ' ਦੇ ਗਿਆਨ ਨਾਲ਼ ਮਿਲ਼ਨ ਵਾਲ਼ੀ ਚੀਜ਼ ਨਹੀਂ ਸਗੋਂ ਇਸ ਲਈ ਹਥਿਆਰਬੰਦ ਸੰਘਰਸ਼ ਦੀ ਲੋੜ ਹੈ। ਉਹ ਇਹ ਵੀ ਜਾਣ ਗਏ ਕਿ ਸਿਰਫ ਕਿਰਪਾਨ ਦੀ ਤੇਜ਼ ਧਾਰ ਹੀ ਗੁਲਾਮੀ ਦੇ ਬੰਧਨ ਕੱਟ ਸਕਦੀ ਹੈ। ਉਹ ਇਹ ਵੀ ਮਹਿਸੂਸ ਕਰਨ ਲੱਗੇ ਕਿ ਅੰਗਰੇਜ਼ ਸਿਰਫ ਤੇ ਸਿਰਫ ਖੜਕਦੇ ਖੰਡੇ ਦੀ ਭਾਸ਼ਾ ਸਮਝਦੇ ਹਨ, ਹੋਰ ਕੁਛ ਨਹੀਂ। ਉੱਤਰੀ ਅਮਰੀਕਾ 'ਚ ਰਹਿੰਦਿਆਂ ਭਾਈ ਬਲਵੰਤ ਸਿੰਘ ਇਹ ਗੱਲ ਵੀ ਜਾਣਦੇ ਸਨ ਕਿ ਅਮਰੀਕਾ ਨੇ ਇੰਗਲੈਂਡ ਤੋਂ ਆਜ਼ਾਦੀ ਹਥਿਆਰਾਂ ਦੇ ਜ਼ੋਰ ਹੀ ਪ੍ਰਾਪਤ ਕੀਤੀ ਸੀ। ਗੁਰਬਾਣੀ ਵੀ ਉਨ੍ਹਾਂ ਨੂੰ ਇਹ ਹੀ ਦੱਸਦੀ ਸੀ ਕਿ "ਬਲ ਹੋਆ ਬੰਧਨ ਛੁਟੇ"। ਭਾਈ ਬਲਵੰਤ ਸਿੰਘ ਆਪਣੇ ਸਾਥੀਆਂ ਨਾਲ਼ ਰਲ਼ਕੇ ਕਨੇਡਾ ਦੇ ਸਿੱਖ ਇਮੀਗ੍ਰੈਂਟਾਂ ਨੂੰ ਸਿਆਸੀ ਤੌਰ 'ਤੇ ਜਾਗ੍ਰਿਤ ਕਰਨ ਲੱਗੇ। ਆਪ ਨੇ ਉਨ੍ਹਾਂ ਨੂੰ ਅੰਗਰੇਜ਼-ਪ੍ਰਸਤੀ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣਾ ਸ਼ੁਰੂ ਕਰ ਦਿੱਤਾ।

ਕਨੇਡਾ ਰਹਿੰਦੇ ਹਿੰਦੁਸਤਾਨੀਆਂ ਵਿਚ ਕਾਫੀ ਵੱਡੀ ਗਿਣਤੀ ਉਨ੍ਹਾਂ ਸਾਬਕਾ ਸਿੱਖ ਫੌਜੀਆਂ ਦੀ ਸੀ ਜੋ ਬ੍ਰਿਟਿਸ਼ ਇੰਡੀਅਨ ਆਰਮੀ ਦੀਆਂ ਨੌਕਰੀਆਂ ਕਰਦੇ ਆਏ ਸਨ। ਅੰਗਰੇਜ਼ਾਂ ਲਈ ਕੀਤੀਆਂ ਫੌਜੀ ਖਿਦਮਤਾਂ ਅਤੇ ਸਾਮਰਾਜੀ ਜੰਗਾਂ ਵਿਚ ਮਾਰੀਆਂ ਤੇਗਾਂ 'ਤੇ ਉਨ੍ਹਾਂ ਨੂੰ ਬੜਾ ਮਾਣ ਸੀ। ਉਨ੍ਹਾਂ ਕੋਲ਼ ਫੌਜੀ ਵਰਦੀਆਂ, ਤਗਮੇ, ਅੰਗਰੇਜ਼ ਅਫਸਰਾਂ ਵੱਲੋਂ ਮਿਲ਼ੇ ਆਨਰੇਬਲ ਡਿਸਚਾਰਜ ਸਰਟੀਫੀਕੇਟ ਅਤੇ ਹੋਰ ਦਸਤਾਵੇਜ਼ ਸਨ। ਉਹ ਆਪਣੀਆਂ ਫੌਜੀ ਵਰਦੀਆਂ ਪਾ ਕੇ, ਹਿੱਕਾਂ 'ਤੇ ਮੈਡਲ ਸਜਾ ਕੇ ਅਤੇ ਜੇਬਾਂ ਵਿਚ ਅੰਗਰੇਜ਼ ਅਫਸਰਾਂ ਵੱਲੋਂ ਮਿਲ਼ੇ ਸਿਫਾਰਸ਼ੀ ਖਤ ਪਾ ਕੇ ਵੈਨਕੂਵਰ ਦੀਆਂ ਸੜਕਾਂ 'ਤੇ ਨਿਕਲ਼ਦੇ ਸਨ ਤਾਂ ਜੋ ਗੋਰਿਆਂ ਨੂੰ ਦੱਸ ਸਕਣ ਕਿ ਉਹ ਬ੍ਰਤਾਨਵੀ ਰਾਜ ਦੇ ਖਾਸ ਵਫਾਦਾਰ ਬੰਦੇ ਹਨ। ਭਾਈ ਬਲਵੰਤ ਸਿੰਘ ਆਪਣੇ ਸਾਥੀਆਂ ਨਾਲ਼ ਰਲ਼ਕੇ ਇਨ੍ਹਾਂ ਸਾਬਕਾ ਸਿੱਖ ਫੌਜੀਆਂ ਨੂੰ ਸਮਝਾਉਂਦੇ ਕਿ ਹਿੰਦੁਸਤਾਨ ਦੀ ਅੰਗਰੇਜ਼ੀ ਫੌਜ ਵਿਚ ਉਨ੍ਹਾਂ ਦਾ ਰੋਲ ਗੁਰੂ ਗੋਬਿੰਦ ਸਿੰਘ ਦੇ ਉਨ੍ਹਾਂ ਸਿੰਘਾਂ ਵਾਲਾ ਨਹੀਂ ਸੀ, ਜਿਨ੍ਹਾਂ ਹਿੰਦੁਸਤਾਨ ਦੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਆਪਣੇ ਘੋੜਿਆਂ ਦੇ ਸੁੰਮਾਂ ਥੱਲੇ ਲਤਾੜਨ ਵਾਲ਼ੇ ਪਠਾਣਾਂ ਦੇ ਘੋੜਿਆਂ ਦੀਆਂ ਨਾ ਸਿਰਫ ਵਾਗਾਂ ਨੂੰ ਹੱਥ ਪਾ ਲਿਆ ਸੀ ਸਗੋਂ ਉਨ੍ਹਾਂ ਜਰਵਾਣਿਆਂ ਦੇ ਮੂੰਹ ਪੂਰਬ ਤੋਂ ਪੱਛਮ ਵੱਲ ਘੁਮਾ ਉਨ੍ਹਾਂ ਨੂੰ ਦਰਾ ਖੈਬਰ ਤੋਂ ਪਾਰ ਧੱਕ ਦਿੱਤਾ ਸੀ। ਭਾਈ ਬਲਵੰਤ ਸਿੰਘ ਹੁਰਾਂ ਦੇ ਪ੍ਰਚਾਰ ਸਦਕਾ ਇਨ੍ਹਾਂ ਸਾਬਕਾ ਸਿੱਖ ਫੌਜੀਆਂ ਨੇ ਸ਼ਰਮ ਮਹਿਸੂਸ ਕੀਤੀ ਕਿ ਹਿੰਦੁਸਤਾਨ ਦੀ ਅੰਗਰੇਜ਼ੀ ਫੌਜ ਵਿਚ ਇਨ੍ਹਾਂ ਦਾ ਰੋਲ ਤਾਂ ਭਾੜੇ ਦੇ ਉਨ੍ਹਾਂ

ਸਿਪਾਹੀਆਂ ਵਾਲਾ ਸੀ ਜਿਨ੍ਹਾਂ ਨੇ ਨਾ ਸਿਰਫ ਹਿੰਦੁਸਤਾਨ ਨੂੰ ਗੁਲਾਮ ਰੱਖਣ ਵਿਚ ਅੰਗਰੇਜ਼ ਦੀ ਮਦਦ ਕੀਤੀ ਸੀ ਸਗੋਂ ਉਸਦੀ ਗੁਲਾਮੀ ਹਿੰਦੁਸਤਾਨ ਤੋਂ ਬਾਹਰ ਦੂਸਰੇ ਮੁਲਕਾਂ ਵੱਲ ਵੀ ਢੋਈ ਸੀ। ਨਵੀਂ ਮਿਲ਼ੀ ਇਸ ਸਿਆਸੀ ਚੇਤਨਾ ਕਾਰਨ ਉਨ੍ਹਾਂ ਨੂੰ ਆਪਣੀਆਂ ਵਰਦੀਆਂ, ਤਗਮਿਆਂ ਅਤੇ ਸਰਟੀਫੀਕੇਟਾਂ ਤੋਂ ਸ਼ਰਮ ਆਉਣ ਲੱਗੀ। ਇਨ੍ਹਾਂ ਅਸਰਾਂ ਅਧੀਨ 3 ਅਕਤੂਬਰ, 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਵਾਪਰੀ।

ਭਾਈ ਬਲਵੰਤ ਸਿੰਘ ਦਾ ਦੋਸਤ ਭਾਈ ਨੱਥਾ ਸਿੰਘ ਬਿਲਗਾ, ਜੋ ਕਿ ਬਹੁਤ ਹੀ ਵਧੀਆ ਸਿੱਖ ਸੀ, ਸੰਗਤ ਸਾਹਮਣੇ ਖੜ੍ਹਾ ਹੋਇਆ। ਉਸ ਨੇ ਹਿੰਦੁਸਤਾਨ, ਦੁਨੀਆ ਦੇ ਦੂਸਰੇ ਹਿੱਸਿਆਂ ਅਤੇ ਖਾਸ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨੀਆਂ ਦੀ ਭੈੜੀ ਹਾਲਤ ਬਾਰੇ ਵਖਿਆਨ ਦਿੱਤਾ। ਉਸ ਨੇ ਦਲੀਲ ਦਿੱਤੀ ਕਿ, "ਜੋ ਮੈਡਲ ਉਹ ਲਗਾਈ ਫਿਰਦੇ ਹਨ, ਉਨ੍ਹਾਂ ਤੋਂ ਸਿਰਫ ਇਹ ਪਤਾ ਲਗਦਾ ਹੈ ਕਿ ਉਹ ਭਾੜੇ ਦੇ ਫੌਜੀ ਹਨ, ਜੋ ਅੰਗਰੇਜ਼ਾਂ ਲਈ ਆਪਣੇ ਦੇਸ਼-ਵਾਸੀਆਂ ਤੇ ਦੂਸਰੇ ਆਜ਼ਾਦ ਲੋਕਾਂ ਦੇ ਵਿਰੁੱਧ ਲੜੇ। ਅੰਗਰੇਜ਼ੀ ਫੌਜ ਲਈ ਲੜਾਈਆਂ ਲੜਕੇ ਲਏ ਮੈਡਲ ਬਹਾਦਰੀ ਦੇ ਨਹੀਂ, ਸਗੋਂ ਗੁਲਾਮੀ ਦੇ ਮੈਡਲ ਕਹੇ ਜਾਣੇ ਚਾਹੀਦੇ ਹਨ।"[4] ਇਸ ਤੋਂ ਬਾਅਦ ਉਸ ਨੇ ਮਤਾ ਰੱਖਿਆ ਕਿ, "ਗੁਰਦੁਆਰੇ ਦੀ ਐਗਜ਼ੈਕਟਿਵ ਕਮੇਟੀ ਦਾ ਕੋਈ ਵੀ ਮੈਂਬਰ ਕੋਈ ਅਜਿਹਾ ਤਗਮਾ, ਬਟਨ, ਵਰਦੀ ਜਾਂ ਇਨਸਿਗਨੀਆਂ ਨਹੀਂ ਪਹਿਨੇਗਾ ਜਿਸ ਤੋਂ ਇਹ ਪਤਾ ਲੱਗੇ ਕਿ ਇਸ ਨੂੰ ਪਹਿਨਣ ਵਾਲ਼ਾ ਅੰਗਰੇਜ਼ਾਂ ਦੇ ਇਕ ਗੁਲਾਮ ਤੋਂ ਵੱਧ ਕੁਝ ਨਹੀਂ।"[5] ਜੈਕਾਰਿਆਂ ਦੀ ਗੂੰਜ ਵਿਚ ਮਤਾ ਸਰਬ-ਸੰਮਤੀ ਨਾਲ਼ ਪਾਸ ਹੋਇਆ। ਸ਼ਾਮ ਨੂੰ ਸਿੱਖ ਫੌਜੀਆਂ ਨੇ ਗੁਰਦੁਆਰੇ ਦੇ ਵਿਹੜੇ ਵਿਚ ਆਪਣੇ ਮੈਡਲ, ਵਰਦੀਆਂ ਤੇ ਆਨਰੇਬਲ ਡਿਸਚਾਰਜ ਸਰਟੀਫੀਕੇਟ ਅਗਨ-ਭੇਟ ਕਰ ਦਿੱਤੇ।[6]

ਵੈਨਕੂਵਰ ਦੇ ਗੁਰਦੁਆਰੇ ਵਿਚ ਅੰਗਰੇਜ਼ ਦੀ ਗੁਲਾਮੀ ਦੇ ਚਿੰਨ ਵਰਦੀਆਂ, ਤਗਮਿਆਂ ਅਤੇ ਸਰਟੀਫੀਕੇਟਾਂ ਦਾ ਸਾੜਿਆ ਜਾਣਾ ਕੋਈ ਮਾਮੂਲੀ ਘਟਨਾ ਨਹੀਂ ਸੀ। ਇਹ ਸਿੱਖਾਂ ਵੱਲੋਂ ਅੰਗਰੇਜ਼-ਪ੍ਰਸਤੀ ਤਿਆਗ ਕੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਦੀ ਸ਼ੁਰੂਆਤ ਸੀ। ਇਹ ਘਟਨਾ ਸਬੱਬੀਂ ਨਹੀਂ ਸੀ ਵਾਪਰੀ। ਵੈਨਕੂਵਰ ਦੇ ਸਿੱਖਾਂ ਦੀ ਸੋਚ ਵਿਚ ਇਹ ਤਬਦੀਲੀ ਐਵੇਂ ਨਹੀਂ ਸੀ ਆਈ। ਇਹ ਤਬਦੀਲੀ ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀਆਂ ਵੱਲੋਂ ਕੀਤੇ ਸਿਆਸੀ ਪ੍ਰਚਾਰ ਦਾ ਸਿੱਟਾ ਸੀ। ਭਾਈ ਬਲਵੰਤ ਸਿੰਘ ਹੁਰਾਂ ਲਈ ਪੰਜਾਬ ਦੇ ਮੁਕਾਬਲੇ ਕਨੇਡਾ ਵਿਚ ਰਹਿੰਦੇ ਸਿੱਖਾਂ ਨੂੰ ਸਿਆਸੀ ਤੌਰ 'ਤੇ ਜਾਗ੍ਰਿਤ ਕਰਨਾ ਤੇ ਉਨ੍ਹਾਂ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਸੰਘਰਸ਼ ਲਈ ਲਾਮਬੰਦ ਕਰਨਾ ਸੌਖਾ ਸੀ ਕਿਉਂਕਿ ਇੱਥੇ ਸਿੱਖਾਂ ਨੂੰ ਡਰਾਉਣ, ਧਮਕਾਉਣ, ਵਰਗਲਾਉਣ ਤੇ ਭਰਮਾਉਣ ਵਾਲ਼ੀ ਪੰਜਾਬ ਵਿਚਲੀ ਅੰਗਰੇਜ਼-ਪ੍ਰਸਤ ਸਿੱਖ ਲੀਡਰਸ਼ਿਪ ਨਹੀਂ ਸੀ।

ਭਾਈ ਬਲਵੰਤ ਸਿੰਘ ਗੁਰੂ ਸਾਹਿਬਾਨ ਦੇ ਬਹੁਤ ਹੀ ਵਧੀਆ ਅਤੇ ਸੱਚੇ-ਸੁੱਚੇ ਸਿੱਖ ਸਨ ਜੋ ਭਾਈ ਲਾਲੋ ਦੇ ਕੈਂਪ ਵਿਚ ਖੜ੍ਹੇ ਸਨ। ਆਪ ਸਿੱਖ ਧਰਮ ਦੇ 'ਸਰਬੱਤ ਦਾ ਭਲਾ', 'ਕਿਰਤ ਕਰਨਾ ਵੰਡ ਛਕਣਾ' ਅਤੇ 'ਬਰਾਬਰੀ ਅਤੇ ਸਾਂਝੀਵਾਲਤਾ' ਦੇ ਅਸੂਲਾਂ 'ਤੇ ਚੱਲਣ ਵਾਲ਼ੇ ਆਦਰਸ਼ਕ ਸਿੱਖ ਸਨ। ਸੋਸ਼ਲਿਸਟ ਵਿਚਾਰਧਾਰਾ ਵੀ ਬਰਾਬਰੀ ਅਤੇ ਸਾਂਝੀਵਾਲਤਾ ਦੀ ਗੱਲ ਕਰਦੀ ਹੈ ਅਤੇ ਮਨੁੱਖ ਹੱਥੋਂ ਹੁੰਦੀ ਮਨੁੱਖ ਦੀ ਲੁੱਟ-ਖਸੁੱਟ ਦੀ ਵਿਰੋਧਤਾ ਕਰਦੀ ਹੈ। ਇਸ ਲਈ ਭਾਈ ਬਲਵੰਤ ਸਿੰਘ ਨੂੰ ਸਿੱਖ ਵਿਚਾਰਧਾਰਾ ਅਤੇ ਸੋਸ਼ਲਿਸਟ ਫਿਲਾਸਫੀ ਵਿਚ ਕੋਈ ਫਰਕ ਨਹੀਂ ਸੀ ਜਾਪਦਾ। ਇਸ ਲਈ ਆਪ 'ਸੋਸ਼ਲਿਸਟ ਪਾਰਟੀ ਆਫ ਕਨੇਡਾ' ਦੇ ਮੈਂਬਰ ਬਣੇ। ਦਰਅਸਲ ਭਾਈ ਬਲਵੰਤ ਸਿੰਘ ਅਤੇ ਖਾਲਸਾ

---

[4] *Free Hindusthan*, September-October, 1909

[5] *Ibid.*

[6] *Ibid.*

ਦੀਵਾਨ ਸੁਸਾਇਟੀ ਵੈਨਕੂਵਰ ਦੀ ਐਗਜ਼ੈਕਟਿਵ ਦੇ ਦੂਸਰੇ ਅਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ਼ ਰਲਕੇ ਵੈਨਕੂਵਰ ਵਿਚ 'ਸੋਸ਼ਲਿਸਟ ਪਾਰਟੀ ਆਫ ਕਨੇਡਾ' ਦੀ ਇਕ ਸਪੈਸ਼ਲ ਬਰਾਂਚ ਤਿਆਰ ਕੀਤੀ ਸੀ।[7]

ਭਾਈ ਬਲਵੰਤ ਸਿੰਘ ਨੇ ਕਨੇਡਾ ਦੇ ਹਿੰਦੁਸਤਾਨੀਆਂ ਵੱਲੋਂ ਕਨੇਡਾ 'ਚ ਆਪਣੇ ਪਰਿਵਾਰ ਮੰਗਵਾ ਸਕਣ ਦੇ ਹੱਕ ਲਈ ਲੜੇ ਘੋਲ ਦੀ ਵੀ ਅਗਵਾਈ ਕੀਤੀ। ਕਨੇਡੀਅਨ ਸਰਕਾਰ ਵੱਲੋਂ 1908 ਵਿਚ ਬਣਾਏ 'ਸਿੱਧੇ ਸਫਰ' ਦੀ ਸ਼ਰਤ ਵਾਲ਼ੇ ਕਾਨੂੰਨ ਕਾਰਨ ਕਨੇਡਾ ਦੇ ਹਿੰਦੁਸਤਾਨੀ ਆਵਾਸੀ ਆਪਣੇ ਪਰਿਵਾਰਾਂ ਨੂੰ ਵੀ ਕਨੇਡਾ 'ਚ ਨਹੀਂ ਸੀ ਮੰਗਵਾ ਸਕਦੇ। ਕਨੇਡੀਅਨ ਸਰਕਾਰ ਨੂੰ ਡਰ ਸੀ ਕਿ ਜੇ ਹਿੰਦੁਸਤਾਨੀ ਆਪਣੇ ਟੱਬਰ ਲੈ ਆਉਣਗੇ ਤਾਂ ਉਹ ਇੱਥੇ 'ਪੱਕੀ ਹਿੰਦੂ ਕਾਲੋਨੀ' ਬਣਾ ਕੇ ਬੈਠ ਜਾਣਗੇ। ਕਨੇਡਾ ਦੇ ਹਿੰਦੁਸਤਾਨੀ ਆਵਾਸੀਆਂ ਨੂੰ ਕਨੇਡਾ 'ਚ ਪੱਕੇ ਤੌਰ 'ਤੇ ਵਸਣੋਂ ਰੋਕਣ ਲਈ ਕਨੇਡੀਅਨ ਸਰਕਾਰ ਦੀ ਇਹ ਸੋਚੀ ਸਮਝੀ ਚਾਲ ਸੀ ਕਿ ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ ਕਨੇਡਾ 'ਚ ਨਾ ਆਉਣ ਦਿੱਤਾ ਜਾਵੇ। ਕਨੇਡੀਅਨ ਸਰਕਾਰ ਦਾ ਖਿਆਲ ਸੀ ਕਿ ਆਪਣੇ ਪਰਿਵਾਰ ਕਨੇਡਾ ਵਿਚ ਨਾ ਮੰਗਵਾ ਸਕਣ ਦੀ ਸੂਰਤ ਵਿਚ, ਕਨੇਡਾ 'ਚ ਰਹਿ ਰਹੇ ਹਿੰਦੁਸਤਾਨੀ ਆਵਾਸੀ ਕੁਝ ਸਾਲ ਕੰਮ ਕਰਕੇ, ਪੈਸੇ ਕਮਾਉਣ ਤੋਂ ਬਾਅਦ, ਪੱਕੇ ਤੌਰ 'ਤੇ ਕਨੇਡਾ ਛੱਡ ਜਾਣਗੇ। ਪਰ ਭਾਈ ਬਲਵੰਤ ਸਿੰਘ ਤੇ ਉਨ੍ਹਾਂ ਦੇ ਗਦਰੀ ਸਾਥੀ ਕਨੇਡੀਅਨ ਸਰਕਾਰ ਅਤੇ ਬ੍ਰਤਾਨਵੀ ਸਾਮਰਾਜ ਦੇ ਅਸਲੀ ਚਿਹਰਿਆਂ ਨੂੰ ਨੰਗਾ ਕਰਕੇ ਹਿੰਦੁਸਤਾਨੀਆਂ ਦੇ ਰੋਹ ਨੂੰ ਪਰਚੰਡ ਕਰਨਾ ਚਾਹੁੰਦੇ ਸਨ ਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣਾ ਚਾਹੁੰਦੇ ਸਨ। ਬ੍ਰਤਾਨਵੀ ਸਾਮਰਾਜ ਦੇ ਚਿਹਰੇ ਨੂੰ ਨੰਗਿਆਂ ਕਰਨ ਅਤੇ ਕਨੇਡਾ ਦੇ ਨਸਲਵਾਦੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਚਣੌਤੀ ਦੇਣ ਲਈ ਭਾਈ ਬਲਵੰਤ ਸਿੰਘ ਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪਰਧਾਨ ਭਾਈ ਭਾਗ ਸਿੰਘ ਨੇ ਹਿੰਦੁਸਤਾਨ ਜਾ ਕੇ ਆਪਣੇ ਪਰਿਵਾਰ ਲਿਆਉਣ ਦਾ ਫੈਸਲਾ ਕੀਤਾ।

ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀ ਭਾਈ ਭਾਗ ਸਿੰਘ ਆਪਣੇ ਪਰਿਵਾਰ ਲੈ ਆਉਣ ਲਈ ਇੰਡੀਆ ਗਏ। ਸਾਲ ਭਰ ਦੀ ਖੱਜਲ-ਖੁਆਰੀ ਤੋਂ ਬਾਅਦ ਜਦੋਂ 21 ਜਨਵਰੀ,1912 ਨੂੰ ਉਹ ਵੈਨਕੂਵਰ ਬੰਦਰਗਾਹ 'ਤੇ ਪੁੱਜੇ ਤਾਂ ਭਾਈ ਬਲਵੰਤ ਸਿੰਘ ਤੇ ਭਾਈ ਭਾਗ ਸਿੰਘ ਨੂੰ ਤਾਂ ਉੱਤਰਨ ਦਿੱਤਾ ਗਿਆ ਪਰ ਉਨ੍ਹਾਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ ਨਜ਼ਰਬੰਦ ਕਰ ਲਿਆ ਗਿਆ। ਦੋਨਾਂ ਪਰਿਵਾਰਾਂ ਨੂੰ ਜ਼ਮਾਨਤ ਉੱਤੇ ਛੁਡਾ ਲਿਆ ਗਿਆ। ਪਿਛਲੇ ਸਾਲ ਸੰਨ 1911 ਵਿਚ 11932 ਚੀਨੀ ਅਤੇ 2986 ਜਾਪਾਨੀ ਇਮੀਗ੍ਰੈਂਟ ਕਨੇਡਾ ਵਿਚ ਆਏ ਸਨ। ਇਨ੍ਹਾਂ ਵਿਚ 1037 ਔਰਤਾਂ ਵੀ ਸ਼ਾਮਲ ਸਨ।[8] ਹਿੰਦੁਸਤਾਨੀ ਆਵਾਸੀਆਂ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਚੀਨੀ ਅਤੇ ਜਾਪਾਨੀ ਜਿਹੜੇ ਕਿ ਅੰਗਰੇਜ਼ ਸਰਕਾਰ ਦੀ ਰਈਅਤ ਨਹੀਂ, ਉਨ੍ਹਾਂ ਨੂੰ ਤਾਂ ਕਨੇਡਾ ਵਿਚ ਆਉਣ ਦਿੱਤਾ ਜਾ ਰਿਹਾ ਹੈ ਤੇ ਹਿੰਦੁਸਤਾਨੀ ਜਿਹੜੇ ਕਿ ਬ੍ਰਤਾਨਵੀ ਸਲਤਨਤ ਦੇ ਬਾਸ਼ਿੰਦੇ ਹਨ ਉਨ੍ਹਾਂ ਦੇ ਦੋ ਟੱਬਰਾਂ ਨੂੰ ਵੀ ਕਨੇਡਾ 'ਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ। ਹਿੰਦੁਸਤਾਨੀ ਆਵਾਸੀ ਨਰਮ ਖਿਆਲਾਂ ਵਾਲ਼ੇ ਧੜੇ ਦਾ ਸਾਥ ਛੱਡ ਕੇ ਮਿਲੀਟੈਂਟ ਵਿਚਾਰਾਂ ਵਾਲ਼ੇ ਇਨਕਲਾਬੀ ਧੜੇ ਨਾਲ਼ ਜੁੜ ਰਹੇ ਸਨ। ਇਨਕਲਾਬੀ ਧੜਾ ਤਕੜਾ ਹੋ ਰਿਹਾ ਸੀ। ਹਿੰਦੁਸਤਾਨੀ ਆਵਾਸੀਆਂ ਦੇ ਰੋਹ ਨੂੰ ਠੰਡਾ ਕਰਕੇ ਇਨਕਲਾਬੀ ਲਹਿਰ ਨੂੰ ਕਮਜ਼ੋਰ ਕਰਨ ਦੇ ਇਰਾਦੇ ਨਾਲ਼ ਹੋਪਕਿਨਸਨ ਨੇ ਕਨੇਡੀਅਨ ਸਰਕਾਰ ਨੂੰ ਸਲਾਹ ਦਿੱਤੀ ਕਿ ਦੋਨੋਂ ਪਰਿਵਾਰਾਂ ਨੂੰ ਰਹਿਮ ਦੇ ਤੌਰ 'ਤੇ ਕਨੇਡਾ ਵਿਚ ਰਹਿਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ।[9] ਅਦਾਲਤ ਦੇ ਫੈਸਲੇ ਤੋਂ ਪਹਿਲਾਂ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ 3 ਜੂਨ, 1912 ਨੂੰ ਦੋਨੋਂ ਪਰਿਵਾਰਾਂ ਨੂੰ ਰਹਿਮ ਦੇ ਤੌਰ 'ਤੇ ਕਨੇਡਾ ਵਿਚ

---

[7] Hugh Johnston, *The Voyage of the Komagata Maru: The Sikh Challenge to Canada's Colour Bar* (Delhi: Oxford University Press, 1979), p. 11.

[8] *ਸੰਸਾਰ*, ਵਿਕਟੋਰੀਆ, ਅਕਤੂਬਰ, 1912, ਪੰਨਾ 4.

[9] W. C. Hopkinson to W. W. Cory, may 16, 1912

ਰਹਿਣ ਦੀ ਇਜਾਜ਼ਤ ਦੇ ਦਿੱਤੀ। ਕਿਉਂਕਿ ਇਹ ਫੈਸਲਾ ਆਦਾਲਤ ਵੱਲੋਂ ਨਹੀਂ ਸੀ ਹੋਇਆ, ਇਸ ਲਈ ਇਸ ਜਿੱਤ ਨਾਲ਼ ਬਾਕੀ ਟੱਬਰਾਂ ਦੇ ਆਉਣ ਲਈ ਰਾਹ ਨਾ ਖੁੱਲ੍ਹਾ।

ਟੱਬਰ ਮੰਗਵਾਉਣ ਦੇ ਮਸਲੇ 'ਤੇ ਕਨੇਡੀਅਨ ਸਰਕਾਰ ਵੱਲੋਂ ਇਨਸਾਫ ਨਾ ਮਿਲ਼ਦਾ ਵੇਖ ਕੇ ਕਨੇਡਾ ਦੇ ਹਿੰਦੁਸਤਾਨੀਆਂ ਨੇ ਮਾਰਚ, 1913 ਵਿਚ ਭਾਈ ਬਲਵੰਤ ਸਿੰਘ ਦੀ ਅਗਵਾਈ ਥੱਲੇ ਇਕ ਤਿੰਨ ਮੈਂਬਰੀ ਡੈਪੂਟੇਸ਼ਨ ਹਿੰਦੁਸਤਾਨ ਨੂੰ ਭੇਜਿਆ। ਇਸ ਡੈਪੂਟੇਸ਼ਨ ਨੇ ਹਿੰਦੁਸਤਾਨ ਦੀ ਸਰਕਾਰ ਨੂੰ ਬੇਨਤੀ ਕਰਨੀ ਸੀ ਕਿ ਉਹ ਕਨੇਡੀਅਨ ਸਰਕਾਰ 'ਤੇ ਦਬਾਅ ਪਾਵੇ ਕਿ ਹਿੰਦੁਸਤਾਨੀ ਆਵਾਸੀਆਂ ਨੂੰ ਟੱਬਰ ਮੰਗਵਾ ਸਕਣ ਦਾ ਹੱਕ ਦਿੱਤਾ ਜਾਵੇ। ਇਸ ਡੈਪੂਟੇਸ਼ਨ ਦਾ ਦੂਸਰਾ ਮਕਸਦ ਆਪਣੇ ਨਾਲ਼ ਹੋ ਰਹੇ ਨਸਲੀ ਵਿਤਕਰਿਆਂ ਬਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਜਾਣੂੰ ਕਰਵਾਉਣਾ, ਉਨ੍ਹਾਂ ਨੂੰ ਸਿਆਸੀ ਤੌਰ 'ਤੇ ਜਾਗ੍ਰਿਤ ਕਰਨਾ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਲਈ ਤਿਆਰ ਕਰਨਾ ਸੀ।

ਪੰਜਾਬ ਪੁੱਜ ਕੇ ਭਾਈ ਬਲਵੰਤ ਸਿੰਘ ਹੁਰਾਂ, ਸਰਕਾਰ ਕੋਲ਼ ਫਰਿਆਦ ਕਰਨ ਤੋਂ ਪਹਿਲਾਂ, ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਮੀਟਿੰਗਾਂ ਕਰਕੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਮੀਟਿੰਗਾਂ ਦੌਰਾਨ ਕੀਤੇ ਆਪਣੇ ਭਾਸ਼ਣਾਂ ਵਿਚ ਭਾਈ ਬਲਵੰਤ ਸਿੰਘ ਨੇ ਕਨੇਡਾ ਦੇ ਹਿੰਦੁਸਤਾਨੀਆਂ ਦੀ ਦੁਰਦਸ਼ਾ ਲਈ ਬ੍ਰਤਾਨੀਆ ਅਤੇ ਹਿੰਦੁਸਤਾਨ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਲਾਹੌਰ ਵਿਚ ਦਿੱਤੇ ਆਪਣੇ ਇਕ ਭਾਸ਼ਨ ਦੌਰਾਨ ਭਾਈ ਬਲਵੰਤ ਸਿੰਘ ਨੇ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਆਖਿਆ, "…ਅੰਗਰੇਜ਼ ਸਾਮਰਾਜ ਤੁਹਾਨੂੰ ਸੱਪ ਦੀ ਤਰ੍ਹਾਂ ਕੁੰਡਲ ਮਾਰੀ ਬੈਠਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਹੈ ਕਿ ਇਸ ਦਾ ਸਿਰ ਕੰਡਿਆਂ 'ਤੇ ਰਗੜਿਆ ਜਾਵੇ।"[10]

ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਡਰ ਸੀ ਕਿ ਭਾਈ ਬਲਵੰਤ ਸਿੰਘ ਹੁਰਾਂ ਦੇ ਭਾਸ਼ਨਾਂ ਨਾਲ ਪੰਜਾਬ ਦੇ ਸਿੱਖ ਸਿਆਸੀ ਤੌਰ 'ਤੇ ਜਾਗ੍ਰਿਤ ਹੋਣਗੇ। ਇਹ ਗੱਲ ਬਰਤਾਨਵੀ ਸਾਮਰਾਜ ਲਈ ਖਤਰਨਾਕ ਸੀ ਕਿਉਂਕਿ ਸਿੱਖਾਂ 'ਚ ਆਈ ਇਹ ਸਿਆਸੀ ਜਾਗ੍ਰਿਤੀ ਸਿੱਖ ਫੌਜਾਂ ਨੂੰ ਪ੍ਰਭਾਵਤ ਕਰ ਸਕਦੀ ਸੀ। ਪੰਜਾਬ ਦੇ ਸਿੱਖ ਹਿੰਦੁਸਤਾਨ ਦੀ ਅੰਗਰੇਜ਼ੀ ਫੌਜ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਸਨ। ਫੌਜੀ ਭਰਤੀ ਲਈ ਪੰਜਾਬ ਸਭ ਤੋਂ ਵੱਧ ਅਹਿਮੀਅਤ ਵਾਲਾ ਸੂਬਾ ਸੀ। ਇਨ੍ਹਾਂ ਖਤਰਿਆਂ ਨੂੰ ਭਾਂਪਦਿਆਂ ਓਡਵਾਇਰ ਨੇ ਭਾਈ ਬਲਵੰਤ ਸਿੰਘ ਹੁਰਾਂ ਨੂੰ ਸਖਤ ਵਾਰਨਿੰਗ ਦਿੱਤੀ। ਇਸ ਬਾਰੇ ਓਡਵਾਇਰ ਆਪਣੀ ਕਿਤਾਬ ਵਿੱਚ ਲਿਖਦਾ ਹੈ, "…ਉਨ੍ਹਾਂ ਸਾਰੇ ਸੂਬੇ 'ਚ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿੱਚ ਬਹੁਤ ਸਾਰੇ ਐਸੇ ਬੰਦੇ ਸ਼ਾਮਲ ਹੋਏ ਜਿਨ੍ਹਾਂ ਦੀ ਵਫਾਦਾਰੀ 'ਤੇ ਸ਼ੱਕ ਹੈ। ਕੁਝ ਸਮੇਂ ਬਾਅਦ ਇਨ੍ਹਾਂ ਮੀਟਿੰਗਾਂ ਦੀ ਸੁਰ ਬਦਲ ਗਈ। ਇਮੀਗਰੇਸ਼ਨ ਕਾਨੂੰਨਾਂ ਦੀ ਆਲੋਚਨਾ ਕਰਨ ਦੀ ਬਿਜਾਏ ਉਹ ਧਮਕੀਆਂ ਭਰੇ ਭੜਕਾਊ ਭਾਸ਼ਨ ਦੇਣ ਲੱਗੇ। ਇਸ ਸਮੇਂ ਮੈਂ ਡੈਲੀਗੇਟਾਂ ਨੂੰ ਵਾਰਨਿੰਗ ਦਿੱਤੀ ਕਿ ਜੇ ਇਹ ਸਾਰਾ ਕੁਝ ਜਾਰੀ ਰਿਹਾ ਤਾਂ ਮੈਂ ਸਖਤ ਐਕਸ਼ਨ ਲੈਣ ਲਈ ਮਜਬੂਰ ਹੋਵਾਂਗਾ।"[11]

ਓਡਵਾਇਰ ਚਾਹੁੰਦਾ ਸੀ ਕਿ ਭਾਈ ਬਲਵੰਤ ਸਿੰਘ ਹੁਰੀਂ ਆਪਣੇ ਆਪ ਨੂੰ ਕਨੇਡਾ ਦੇ ਇਮੀਗਰੇਸ਼ਨ ਕਾਨੂੰਨਾਂ ਦੀ ਅਲੋਚਨਾ ਕਰਨ ਤੱਕ ਹੀ ਸੀਮਤ ਰੱਖਣ ਅਤੇ ਬ੍ਰਤਾਨੀਆ ਅਤੇ ਹਿੰਦੁਸਤਾਨ ਦੀਆਂ ਸਰਕਾਰਾਂ ਬਾਰੇ ਕੁੱਝ ਨਾ ਬੋਲਣ। ਪਰ ਭਾਈ ਬਲਵੰਤ ਸਿੰਘ ਹੁਰੀਂ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿਉਂਕਿ ਉਨ੍ਹਾਂ ਦਾ ਹਿੰਦੁਸਤਾਨ ਨੂੰ ਡੈਪੂਟੇਸ਼ਨ ਲੈ ਕੇ ਜਾਣ ਦਾ ਅਸਲ ਮਕਸਦ, ਹਿੰਦੁਸਤਾਨ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਨੂੰ ਨੰਗਿਆਂ ਕਰ ਕੇ ਹਿੰਦੁਸਤਾਨੀ ਲੋਕਾਂ ਨੂੰ

---

[10] Second Supplementary Lahore Conspiracy Case, Judgement, January 4, 1917, Individual Case of Balwant Singh, accused no. 3.

[11] Sir Michael O'Dwyer, *India As I Knew It 1885-1925*, 3rd ed. (London: Constable and Company Ltd. 1926) p. 191.

ਸਿਆਸੀ ਤੌਰ 'ਤੇ ਜਾਗ੍ਰਿਤ ਕਰਨਾ ਅਤੇ ਉਨ੍ਹਾਂ ਦੇ ਰੋਹ ਨੂੰ ਪਰਚੰਡ ਕਰ ਕੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਉਣਾ ਸੀ। ਓਡਵਾਇਰ ਨੇ ਬਾਅਦ ਵਿੱਚ ਉਨ੍ਹਾਂ ਬਾਰੇ ਲਿਖਿਆ ਸੀ, "...ਸਾਲ ਬਾਅਦ ਜਦੋਂ ਸੂਬੇ ਵਿੱਚ ਗਦਰ ਦਾ ਤੂਫਾਨ ਉੱਠਿਆ ਤਾਂ ਜਾ ਕੇ ਸਾਨੂੰ ਪਤਾ ਲੱਗਾ ਕਿ ਇਹ ਤਿੰਨ ਬੰਦੇ ਬੜੇ ਜ਼ੋਰ ਸ਼ੋਰ ਨਾਲ, ਪਰ ਲੁਕਵੇਂ ਢੰਗ ਨਾਲ, ਪੰਜਾਬ ਵਿੱਚ ਬਗਾਵਤ ਫੈਲਾਉਂਦੇ ਰਹੇ ਸਨ।" [12] ਓਡਵਾਇਰ ਨੇ ਅੱਗੇ ਜਾ ਕੇ ਲਿਖਿਆ ਸੀ, "...ਭਾਵੇ ਉਦੋਂ ਸਾਨੂੰ ਪਤਾ ਨਹੀਂ ਸੀ ਪਰ ਉਹ ਅਸਲ ਵਿੱਚ ਗਦਰ ਪਾਰਟੀ ਦੇ ਐਡਵਾਂਸ ਏਜੰਟ ਸਨ।"[13]

ਭਾਈ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀ 18 ਸਤੰਬਰ, 1913 ਨੂੰ ਸ਼ਿਮਲੇ ਗਏ ਜਿੱਥੇ ਉਨ੍ਹਾਂ ਪਬਲਿਕ ਮੀਟਿੰਗ ਕੀਤੀ। ਉੱਥੇ ਉਹ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਮਿਲ਼ੇ।"[14] ਭਾਈ ਬਲਵੰਤ ਸਿੰਘ ਨੇ ਬੜੀ ਦ੍ਰਿੜਤਾ ਅਤੇ ਨਿਡਰਤਾ ਨਾਲ ਕਨੇਡਾ ਦੇ ਹਿੰਦੁਸਤਾਨੀ ਆਵਾਸੀਆਂ ਦਾ ਕੇਸ ਮਾਈਕਲ ਓਡਵਾਇਰ ਅੱਗੇ ਰੱਖਿਆ ਅਤੇ ਉਸ ਨੂੰ ਕੁੱਝ ਕਰਨ ਲਈ ਆਖਿਆ। ਓਡਵਾਇਰ ਨਾਲ ਮੁਲਾਕਾਤ ਵੇਲੇ ਭਾਈ ਬਲਵੰਤ ਸਿੰਘ ਸਿਰ ਉਠਾ ਕੇ ਅਤੇ ਓਡਵਾਇਰ ਦੀ ਅੱਖ 'ਚ ਅੱਖ ਪਾ ਕੇ ਗੱਲ ਕਰਦੇ ਸਨ। ਓਡਵਾਇਰ ਪਹਿਲੀ ਵਾਰ ਕਿਸੇ ਐਸੇ ਹਿੰਦੁਸਤਾਨੀ ਨੂੰ ਵੇਖ ਰਿਹਾ ਸੀ ਜਿਸ ਵਿਚ ਹੀਣ-ਭਾਵ ਨਾ ਹੋਵੇ ਤੇ ਉਹ ਆਪਣੇ ਆਪ ਨੂੰ ਉਸ ਨਾਲੋਂ ਛੋਟਾ ਨਾ ਸਮਝਦਾ ਹੋਵੇ। ਓਡਵਾਇਰ ਨੂੰ ਭਾਈ ਬਲਵੰਤ ਸਿੰਘ ਤੋਂ ਡਰ ਲੱਗਾ ਸੀ। ਓਡਵਾਇਰ ਆਪਣੀ ਕਿਤਾਬ 'ਚ ਭਾਈ ਬਲਵੰਤ ਸਿੰਘ ਬਾਰੇ ਲਿਖਦਾ ਹੈ, "...ਅਤੇ ਇਸ ਤੀਸਰੇ ਬੰਦੇ ਦੇ ਤੌਰ ਤਰੀਕੇ ਇੱਕ ਖਤਰਨਾਕ ਇਨਕਲਾਬੀ ਵਰਗੇ ਜਾਪਦੇ ਸਨ। ਉਹ ਵਾਇਸਰਾਏ ਨੂੰ ਮਿਲਣਾ ਚਾਹੁੰਦੇ ਸਨ। ਉਨ੍ਹਾਂ ਨੂੰ ਵਾਇਸਰਾਏ ਕੋਲ ਭੇਜਦਿਆਂ ਮੈਂ ਵਾਇਸਰਾਏ ਨੂੰ ਇਸ ਤੀਸਰੇ ਬੰਦੇ ਤੋਂ ਖਾਸ ਤੌਰ 'ਤੇ ਸਾਵਧਾਨ ਰਹਿਣ ਲਈ ਆਖਿਆ।"[15] ਸ਼ਿਮਲੇ ਵਿੱਚ ਭਾਈ ਬਲਵੰਤ ਸਿੰਘ ਹੁਰੀਂ ਵਾਇਸਰਾਏ ਲਾਰਡ ਹਾਰਡਿੰਗ ਨੂੰ ਵੀ ਮਿਲ਼ੇ। ਉਸ ਨੇ ਸਿਵਾਏ ਹਮਦਰਦੀ ਜਤਲਾਉਣ ਦੇ ਕੋਈ ਠੋਸ ਮੱਦਦ ਕਰ ਸਕਣ ਤੋਂ ਅਸਮਰਥਾ ਪ੍ਰਗਟਾਈ।

ਭਾਈ ਬਲਵੰਤ ਸਿੰਘ ਦੀ ਅਗਵਾਈ ਥੱਲੇ ਗਏ ਇਸ ਡੈਪੂਟੇਸ਼ਨ ਨੂੰ ਪਰਿਵਾਰ ਮੰਗਵਾ ਸਕਣ ਦੀ ਖੁੱਲ੍ਹ ਲੈਣ ਵਿੱਚ ਹਿੰਦ ਸਰਕਾਰ ਅਤੇ ਬ੍ਰਤਾਨਵੀ ਸਰਕਾਰ ਵਲੋਂ ਕੋਈ ਮਦਦ ਨਾ ਮਿਲੀ। ਪਰ ਮੀਡੀਏ ਅਤੇ ਲੋਕਾਂ ਵਲੋਂ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਉਹ ਹਿੰਦੁਸਤਾਨ ਦੀਆਂ ਸਮਾਜਕ, ਧਾਰਮਕ ਅਤੇ ਰਾਜਨੀਤਕ ਪ੍ਰਸਥਿਤੀਆਂ ਨੂੰ ਨੇੜਿਉਂ ਵੇਖ ਅਤੇ ਸਮਝ ਸਕੇ। ਪਰ ਭਾਈ ਬਲਵੰਤ ਸਿੰਘ ਨੂੰ ਕੁਝ ਲੀਡਰਾਂ ਅਤੇ ਜਥੇਬੰਦੀਆਂ ਤੋਂ ਨਿਰਾਸ਼ਾ ਵੀ ਹੋਈ। ਪੰਜਾਬ ਵਿਚ ਕਾਂਗਰਸ ਦੇ ਵੱਡੇ ਲੀਡਰ ਲਾਲਾ ਲਾਜਪਤ ਰਾਏ ਨੇ ਸਹਾਇਤਾ ਕਰਨੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ, "...ਇਹ ਮਾਮਲਾ ਕੇਵਲ ਸਿੱਖਾਂ ਦਾ ਹੈ।"[16] ਭਾਈ ਬਲਵੰਤ ਸਿੰਘ ਸਿੱਖਾਂ ਦੀ ਅੰਗਰੇਜ਼-ਪ੍ਰਸਤ ਨਪੁੰਸਕ ਜਥੇਬੰਦੀ 'ਚੀਫ ਖਾਲਸਾ ਦੀਵਾਨ' ਤੋਂ ਵੀ ਬੜਾ ਨਿਰਾਸ਼ ਹੋਏ। ਉਹ ਪੰਜਾਬ ਵਿੱਚ ਸਿੱਖਾਂ ਦੀ ਕੋਈ ਐਸੀ ਜਥੇਬੰਦੀ ਵੇਖਣਾ ਚਾਹੁੰਦੇ ਸਨ ਜੋ ਸਿੱਖਾਂ ਨੂੰ ਅੰਗਰੇਜ਼-ਪ੍ਰਸਤੀ ਤਿਆਗ ਕੇ ਦੇਸ਼ ਦੀ ਆਜ਼ਾਦੀ ਲਈ, ਅੰਗਰੇਜ਼ ਸਾਮਰਾਜ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਲਈ ਪ੍ਰੇਰ ਸਕੇ। ਕਨੇਡਾ ਵਾਪਸ ਆ ਕੇ ਭਾਈ ਬਲਵੰਤ ਸਿੰਘ ਨੇ ਹਰਚੰਦ ਸਿੰਘ ਲਾਇਲਪੁਰੀ ਨੂੰ ਖਤ ਲਿਖਿਆ ਸੀ ਕਿ ਅੰਗਰੇਜ਼ ਸਰਕਾਰ ਦਾ ਡਟ ਕੇ ਵਿਰੋਧ ਕਰੋ ਅਤੇ 'ਚੀਫ ਖਾਲਸਾ ਦੀਵਾਨ' ਦੀ ਸਾਖ ਨੂੰ ਤੋੜ ਦਿਓ। ਇਸ ਖਤ ਵਿਚ ਭਾਈ ਬਲਵੰਤ ਸਿੰਘ ਨੇ ਹਰਚੰਦ ਸਿੰਘ ਲਾਇਲਪੁਰੀ ਨੂੰ ਇਹ ਸੁਝਾਅ ਦਿੱਤਾ ਸੀ ਕਿ ਹਿੰਦੁਸਤਾਨ ਅਤੇ ਬਾਹਰਲੇ ਦੇਸ਼ਾਂ 'ਚ ਰਹਿੰਦੇ ਸਿੱਖਾਂ ਨੂੰ ਇੱਕ ਸਾਂਝੀ ਜਥੇਬੰਦੀ ਬਣਾਉਣੀ ਚਾਹੀਦੀ ਹੈ ਜਿਸ ਦਾ ਹੈੱਡਕੁਆਟਰ ਲਾਹੌਰ ਵਿੱਚ ਹੋਵੇ ਅਤੇ

---

[12] *Ibid*.

[13] *Ibid*.

[14] Isemonger and Slattery, *An Account of the Ghadr Conspiracy 1913-15*, p. 7.

[15] Sir Michael O'Dwyer, *India As I Knew It*, p. 191.

[16] *ਕਿਰਤੀ*, ਅੰਮ੍ਰਿਤਸਰ, ਅਕਤੂਬਰ 1926, ਪੰਨਾ 15.

ਇਸ ਜਥੇਬੰਦੀ ਨੂੰ ਇੱਕ ਐਸਾ ਅਖਬਾਰ ਕੱਢਣਾ ਚਾਹੀਦਾ ਹੈ ਜੋ ਸਿੱਖਾਂ ਨੂੰ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਪਾਵੇ।[17]

ਕਾਮਾਗਾਟਾ ਮਾਰੂ ਜਹਾਜ਼ ਆਪਣੇ 376 ਹਿੰਦੁਸਤਾਨੀ ਮੁਸਾਫਰਾਂ ਨਾਲ਼ 23 ਮਈ 1914 ਨੂੰ ਵੈਨਕੂਵਰ ਪੁੱਜਾ ਤਾਂ ਭਾਈ ਬਲਵੰਤ ਸਿੰਘ ਹੁਰਾਂ ਕਨੇਡਾ ਵਸਦੇ ਆਪਣੇ ਹਿੰਦੁਸਤਾਨੀ ਸਾਥੀਆਂ ਨਾਲ਼ ਰਲ਼ ਕੇ ਮੁਸਾਫਰਾਂ ਦੀ ਮਦਦ ਲਈ ਪੰਦਰਾਂ ਮੈਂਬਰੀ 'ਸ਼ੋਰ ਕਮੇਟੀ' ਬਣਾਈ। ਇਸ ਕਮੇਟੀ ਨੇ ਜਹਾਜ਼ ਦੇ ਮੁਸਾਫਰਾਂ ਦੀ ਬੜੀ ਮਦਦ ਕੀਤੀ ਤੇ ਉਨ੍ਹਾਂ ਨੂੰ ਉਤਾਰਨ ਲਈ ਕਾਨੂੰਨੀ ਲੜਾਈ ਲੜੀ। ਜਹਾਜ਼ ਦੀ ਅਗਲੀ ਕਿਸ਼ਤ 11 ਜੂਨ ਤੱਕ ਤਾਰਨੀ ਜ਼ਰੂਰੀ ਸੀ। ਜੇ ਇਹ ਕਿਸ਼ਤ ਮੌਕੇ ਸਿਰ ਨਾ ਤਾਰੀ ਜਾਂਦੀ ਤਾਂ ਕਾਮਾਗਾਟਾ ਮਾਰੂ ਦੇ ਮਾਲਕਾਂ ਨੇ ਜਹਾਜ਼ ਅਤੇ ਇਸ ਦੇ ਮੁਸਾਫਰਾਂ ਨੂੰ ਵਾਪਸ ਲੈ ਜਾਣਾ ਸੀ। ਭਾਈ ਬਲਵੰਤ ਸਿੰਘ ਹੁਰਾਂ ਆਪਣੇ ਸਾਥੀਆਂ ਨਾਲ਼ ਰਲ਼ਕੇ ਕਮਿਊਨਿਟੀ 'ਚੋਂ ਪੈਸੇ ਇਕੱਠੇ ਕੀਤੇ ਤੇ ਜਹਾਜ਼ ਦੀ ਕਿਸ਼ਤ ਤਾਰ ਦਿੱਤੀ।

ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀਆਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਉਤਾਰਨ ਲਈ ਬੜੀ ਵਾਹ ਲਾਈ ਪਰ ਕਨੇਡੀਅਨ ਸਰਕਾਰ ਨੇ ਆਪਣੇ ਹੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕਾਮਾਗਾਟਾ ਮਾਰੂ ਨੂੰ ਵਾਪਸ ਭੇਜਣ ਦਾ ਫੈਸਲਾ ਸੁਣਾ ਦਿੱਤਾ। ਗਦਰੀ ਲੀਡਰ ਚਾਹੁੰਦੇ ਸਨ ਕਿ ਜੇ ਕਾਮਾਗਾਟਾ ਮਾਰੂ ਦੇ ਮੁਸਾਫਰ ਵਾਪਸ ਭੇਜੇ ਜਾਂਦੇ ਹਨ ਤਾਂ ਉਹ ਦੇਸ਼ ਜਾ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਹੋਣ ਵਾਲ਼ੇ ਗਦਰ 'ਚ ਹਿੱਸਾ ਲੈਣ। ਇਸ ਲਈ ਭਾਈ ਬਲਵੰਤ ਸਿੰਘ ਹੁਰੀਂ 'ਸ਼ੋਰ ਕਮੇਟੀ' ਦੇ ਮੈਂਬਰ ਭਾਈ ਭਾਗ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ਼ ਰਲਕੇ ਅਮਰੀਕਾ ਦੇ ਕਸਬੇ ਸੂਮਾਸ ਤੋਂ ਹਥਿਆਰ ਖਰੀਦਣ ਗਏ ਜਿੱਥੇ 17 ਜੁਲਾਈ ਵਾਲ਼ੇ ਦਿਨ ਅਮਰੀਕਾ ਦੀ ਪੁਲ਼ਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। 23 ਜੁਲਾਈ, 1914 ਵਾਲ਼ੇ ਦਿਨ, ਕਾਮਾਗਾਟਾ ਮਾਰੂ ਨੂੰ ਜੰਗੀ ਜਹਾਜ਼ 'ਰੇਨਬੋ' ਦੀ ਮਦਦ ਨਾਲ਼ ਕਨੇਡਾ ਤੋਂ ਵਾਪਸ ਮੋੜੇ ਜਾਣ ਵੇਲੇ, 'ਸ਼ੋਰ ਕਮੇਟੀ' ਦੇ ਸਭ ਤੋਂ ਮਿਲੀਟੈਂਟ ਚਾਰ ਗਦਰੀ ਲੀਡਰਾਂ 'ਚੋਂ ਤਿੰਨ ਅਮਰੀਕਾ ਦੀ ਜੇਲ੍ਹ ਵਿਚ ਬੰਦ ਸਨ। ਵੈਨਕੂਵਰ ਸਿਰਫ ਹੁਸੈਨ ਰਹੀਮ ਹੀ ਸੀ। ਕਨੇਡੀਅਨ ਅਧਿਕਾਰੀਆਂ ਦੇ ਦਬਾਅ ਥੱਲੇ ਉਹ ਕਾਮਾਗਾਟਾ ਮਾਰੂ ਨੂੰ ਵਾਪਸ ਭੇਜੇ ਜਾਣ ਲਈ ਰਜ਼ਾਮੰਦ ਹੋ ਗਿਆ ਸੀ। ਜੇ ਇਸ ਮੌਕੇ ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀ ਭਾਈ ਭਾਗ ਸਿੰਘ ਤੇ ਬਾਬੂ ਹਰਨਾਮ ਸਿੰਘ ਇੱਥੇ ਹੁੰਦੇ ਤਾਂ ਕਾਮਾਗਾਟਾ ਮਾਰੂ ਅਤੇ ਹਿੰਦੁਸਤਾਨ ਵਿਚਲੇ ਬਰਤਾਨਵੀ ਰਾਜ ਦਾ ਇਤਿਹਾਸ ਸ਼ਾਇਦ 'ਕੁਝ ਹੋਰ' ਹੁੰਦਾ।

ਕਿਉਂਕਿ ਅਮਰੀਕਾ ਵਿਚ ਹਥਿਆਰ ਖਰੀਦਣੇ ਅਤੇ ਰੱਖਣੇ ਜੁਰਮ ਨਹੀਂ ਸੀ, ਇਸ ਲਈ ਕਾਮਾਗਾਟਾ ਮਾਰੂ ਦੇ ਵੈਨਕੂਵਰੋਂ ਤੁਰ ਜਾਣ ਤੋਂ ਹਫਤਾ ਬਾਅਦ 30 ਜੁਲਾਈ, 1914 ਨੂੰ ਭਾਈ ਬਲਵੰਤ ਸਿੰਘ ਤੇ ਇਨ੍ਹਾਂ ਦੇ ਸਾਥੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਤੇ ਉਹ ਵੈਨਕੂਵਰ ਵਾਪਸ ਮੁੜ ਆਏ। 4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਗਦਰ ਪਾਰਟੀ ਨੇ ਗਦਰੀਆਂ ਨੂੰ ਦੇਸ਼ ਜਾ ਕੇ ਗਦਰ ਮਚਾਉਣ ਦਾ ਸੱਦਾ ਦੇ ਦਿੱਤਾ। ਭਾਈ ਬਲਵੰਤ ਸਿੰਘ ਹਾਲਾਂ ਦੇਸ਼ ਜਾਣ ਲਈ ਤਿਆਰੀ ਹੀ ਕਰ ਰਹੇ ਸਨ ਕਿ 5 ਸਤੰਬਰ, 1914 ਨੂੰ ਬੇਲਾ ਸਿੰਘ ਜਿਆਣ ਨੇ ਵੈਨਕੂਵਰ ਗੁਰਦੁਆਰੇ 'ਚ ਗੋਲ਼ੀ ਚਲਾ ਕੇ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਦਾ ਕਤਲ ਕਰ ਦਿੱਤਾ। ਕਿਉਂਕਿ ਭਾਈ ਬਲਵੰਤ ਸਿੰਘ ਨੇ ਇਸ ਮੁਕੱਦਮੇਂ ਵਿਚ ਗਵਾਹ ਵਜੋਂ ਭੁਗਤਣਾ ਸੀ, ਇਸ ਲਈ ਉਨ੍ਹਾਂ ਨੂੰ ਕੁਝ ਸਮਾਂ ਰੁਕਣਾ ਪੈ ਗਿਆ। ਇਸੇ ਦੌਰਾਨ 21 ਅਕਤੂਬਰ, 1914 ਨੂੰ ਭਾਈ ਮੇਵਾ ਸਿੰਘ ਨੇ ਹਾਪਕਿਨਸਨ ਦਾ ਕਤਲ ਕਰ ਦਿੱਤਾ। ਪੁਲਸ ਨੇ ਭਾਈ ਬਲਵੰਤ ਸਿੰਘ ਉੱਤੇ ਮੇਵਾ ਸਿੰਘ ਨੂੰ ਉਕਸਾ ਕੇ ਉਸ ਕੋਲੋਂ ਹਾਪਕਿਨਸਨ ਦਾ ਕਤਲ ਕਰਵਾਉਣ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਮੁਕੱਦਮੇਂ 'ਚ ਫਸਾ ਲਿਆ। ਪਰ ਸਬੂਤਾਂ ਦੀ ਘਾਟ ਕਾਰਨ ਅਤੇ ਭਾਈ ਮੇਵਾ ਸਿੰਘ ਵੱਲੋਂ ਕਤਲ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੈਣ ਕਰਕੇ ਭਾਈ ਬਲਵੰਤ ਸਿੰਘ ਹੁਰੀਂ 4 ਦਸੰਬਰ, 1914 ਨੂੰ ਇਸ ਮੁਕੱਦਮੇਂ 'ਚੋਂ ਬਰੀ ਹੋ ਗਏ।

[17] Isemonger and Slattery, *An Account of the Ghadr Conspiracy 1913-15*, pp. 7-8.

ਹਾਪਕਿਨਸਨ ਦੇ ਕਤਲ ਕੇਸ ’ਚੋਂ ਬਰੀ ਹੋਣ ਤੋਂ ਕੁਝ ਹਫਤੇ ਬਾਅਦ ਭਾਈ ਬਲਵੰਤ ਸਿੰਘ ਹਿੰਦੁਸਤਾਨ ਨੂੰ ਰਵਾਨਾ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਪਰਿਵਾਰ ਅਤੇ ਉਨ੍ਹਾਂ ਦੇ ਦੋ ਗਦਰੀ ਸਾਥੀ, ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਨਵਾਂਚੰਦ ਵੀ ਸਨ। ਉਹ ਕੁੱਝ ਦਿਨ ਸਾਨਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਵਿੱਚ ਰੁਕੇ। ਸਾਨਫਰਾਂਸਿਸਕੋ ਤੋਂ ਜਹਾਜ਼ ਫੜਕੇ 23 ਜਨਵਰੀ, 1915 ਨੂੰ ਉਹ ਸ਼ੰਘਾਈ ਪੁੱਜੇ। ਸ਼ੰਘਾਈ ਤੋਂ ਭਾਈ ਬਲਵੰਤ ਸਿੰਘ ਨੇ ਆਪਣਾ ਪਰਿਵਾਰ ਬਤਨ ਸਿੰਘ ਕਾਹਰੀ ਨਾਲ ਹਿੰਦੁਸਤਾਨ ਨੂੰ ਭੇਜ ਦਿੱਤਾ ਤੇ ਆਪ ਉਹ ਸ਼ੰਘਾਈ ਹੀ ਰੁਕੇ ਰਹੇ। ਉਨ੍ਹਾਂ ਦਾ ਇਰਾਦਾ ਗਦਰ ਪਾਰਟੀ ਦੇ ਪੂਰਬੀ ਫਰੰਟ ’ਤੇ ਕੰਮ ਕਰਨ ਦਾ ਸੀ। ਉਨ੍ਹਾਂ ਪੰਜ ਮਹੀਨੇ ਚੀਨ ਦੇ ਹਿੰਦੁਸਤਾਨੀਆਂ ’ਚ ‘ਕੰਮ’ ਕੀਤਾ। ਬਲਵੰਤ ਸਿੰਘ 26 ਜੂਨ, 1915 ਨੂੰ ਸ਼ੰਘਾਈ ਤੋਂ ਜਹਾਜ਼ ਫੜਕੇ 2 ਜੁਲਾਈ ਨੂੰ ਸਵਾਤੋ ਅਤੇ 13 ਜੁਲਾਈ ਨੂੰ ਬੰਕਾਕ ਪੁੱਜ ਗਏ। ਆਪ ਦਾ ਸਿਆਮ ਆਉਣ ਦਾ ਮਕਸਦ ਕਨੇਡਾ-ਅਮਰੀਕਾ ਤੋਂ ਆਏ ਉਨ੍ਹਾਂ ਗਦਰੀਆਂ ਨਾਲ ਰਲਕੇ ਕੰਮ ਕਰਨਾ ਸੀ ਜੋ ਬਰਮਾ ਵਿੱਚ ਗਦਰ ਮਚਾਇਆ ਚਾਹੁੰਦੇ ਸਨ।

ਬੰਕਾਕ ਪੁੱਜਣ ਤੋਂ ਜਲਦੀ ਬਾਅਦ ਭਾਈ ਬਲਵੰਤ ਸਿੰਘ ਬਿਮਾਰ ਹੋ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉੱਥੇ ਡਾਕਟਰ ਨੇ ਬੇਸਮਝੀ ਨਾਲ਼ ਇੱਕ ਦੁਖਦਾਈ ਅਪਰੇਸ਼ਨ ਬਿਨਾਂ ਕਲੋਰੋਫਾਰਮ ਸੁੰਘਾਏ ਕਰ ਦਿੱਤਾ ਜਿਸ ਨਾਲ਼ ਭਾਈ ਸਾਹਿਬ ਕੁੱਝ ਦਿਨ ਬਹੁਤ ਤਕਲੀਫ ਵਿੱਚ ਰਹੇ। ਆਪ ਅਜੇ ਪੂਰੀ ਤਰ੍ਹਾਂ ਰਾਜ਼ੀ ਵੀ ਨਹੀਂ ਸੀ ਹੋਏ ਕਿ ਹਸਪਤਾਲ ਵਾਲਿਆਂ ਨੇ ਆਪ ਨੂੰ ਡਿਸਚਾਰਜ ਕਰ ਦਿੱਤਾ। ਡਿਸਚਾਰਜ ਕਰਨ ਲਈ ਕਾਹਲ਼ੀ ਇਸ ਕਰਕੇ ਕੀਤੀ ਗਈ ਸੀ ਕਿਉਂਕਿ ਬਾਹਰ ਪੁਲ਼ਸ ਆਪ ਦੀ ਉਡੀਕ ਕਰ ਰਹੀ ਸੀ।[18] ਪਹਿਲੀ ਅਗਸਤ, 1915 ਨੂੰ ਸਿਆਮੀ ਪੁਲਸ ਨੇ ਆਪ ਨੂੰ ਬੰਕਾਕ ਹਸਪਤਾਲ ਦੇ ਬਾਹਰ ਗ੍ਰਿਫਤਾਰ ਕਰ ਲਿਆ। ਸਿਆਮੀ ਸਰਕਾਰ ਨੇ ਅੰਤਰ-ਰਾਸ਼ਟਰੀ ਕਾਨੂੰਨਾਂ ਦੀ ਪ੍ਰਵਾਹ ਨਾ ਕਰਦਿਆਂ ਆਪ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ।

ਅੰਗਰੇਜ਼ਾਂ ਨੇ ਦੂਰ-ਪੂਰਬ ਦੇ ਦੇਸ਼ਾਂ ’ਚੋਂ ਫੜੇ ਗਦਰੀਆਂ ਤੋਂ ਪੁੱਛ-ਪੜਤਾਲ ਕਰਨ ਲਈ ਸਿੰਘਾਪੁਰ ਵਿੱਚ ਇੰਟੈਰੋਗੇਸ਼ਨ ਸੈਂਟਰ ਬਣਾਇਆ ਹੋਇਆ ਸੀ। ਇਸ ਇੰਟੈਰੋਗੇਸ਼ਨ ਸੈਂਟਰ ਦੇ ਉੱਪਰਲੇ ਅਫਸਰ ਤਾਂ ਅੰਗਰੇਜ਼ ਹੁੰਦੇ ਸਨ ਪਰ ਕੁੱਟ-ਮਾਰ ਕਰਨ ਵਾਲਾ ਹੇਠਲਾ ਅਮਲਾ-ਫੈਲਾ ਸਾਰੇ ਦਾ ਸਾਰਾ ਪੰਜਾਬ ਦੀ ਕਸਾਈ ਪੁਲਸ ਦਾ ਸੀ। ਇੱਥੇ ਭਾਈ ਬਲਵੰਤ ਸਿੰਘ ਉੱਤੇ ਬੜਾ ਤਸ਼ੱਦਦ ਕੀਤਾ ਗਿਆ। ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਇਸ ਕਸਾਈ-ਘਰ ਵਿੱਚ ਬਲਵੰਤ ਸਿੰਘ ਨੂੰ 6 ਮਹੀਨੇ ਇੰਟੈਰੋਗੇਟ ਕੀਤਾ ਗਿਆ ਪਰ ਇਸ ਸਿਰੜੀ ਯੋਧੇ ਦੇ ਇਨਕਲਾਬੀ ਨਿਸ਼ਚੇ ਨੂੰ ਤੋੜਿਆ ਨਾ ਜਾ ਸਕਿਆ। ਸਿੰਘਾਪੁਰ ’ਚ 6 ਮਹੀਨੇ ਤਸੀਹੇ ਦੇਣ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਹਿੰਦੁਸਤਾਨ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਕਲਕੱਤੇ ਦੀ ਅਲੀਪੁਰ ਜੇਲ੍ਹ ’ਚ ਰੱਖਿਆ ਗਿਆ। ਛੇ ਮਹੀਨੇ ਅਲੀਪੁਰ ਜੇਲ੍ਹ ’ਚ ਰੱਖਣ ਤੋਂ ਬਾਅਦ ਭਾਈ ਬਲਵੰਤ ਸਿੰਘ ਨੂੰ ਜੁਲਾਈ, 1916 ਵਿੱਚ ਪੰਜਾਬ ਲਿਜਾਇਆ ਗਿਆ, ਜਿੱਥੇ ਬਾਅਦ ਵਿੱਚ ਉਨ੍ਹਾਂ ਨੂੰ ‘ਸੈਕਿੰਡ ਸਪਲੀਮੈਂਟਰੀ ਲਾਹੌਰ ਕਾਂਸਪੀਰੇਸੀ ਕੇਸ’ ਵਿੱਚ ਸ਼ਾਮਲ ਕਰ ਲਿਆ ਗਿਆ।

‘ਸੈਕਿੰਡ ਸਪਲੀਮੈਂਟਰੀ ਲਾਹੌਰ ਕਾਂਸਪੀਰੇਸੀ ਕੇਸ’ 8 ਨਵੰਬਰ, 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਸ਼ੁਰੂ ਹੋਇਆ। ਇਸ ਮੁੱਕਦਮੇ ਦੀ ਸੁਣਵਾਈ ਸਪੈਸ਼ਲ ਟ੍ਰਿਬਿਊਨਲ ਦੇ ਤਿੰਨ ਕਮਿਸ਼ਨਰਾਂ ਅੱਗੇ ਹੋ ਰਹੀ ਸੀ। ਭਾਈ ਬਲਵੰਤ ਸਿੰਘ ਦੇ ਕੇਸ ਦੀ ਪੈਰਵੀ ਲਾਲਾ ਦੇਵਰਾਜ ਅਤੇ ਧਨਰਾਜ ਸ਼ਾਹ ਵਕੀਲ ਕਰ ਰਹੇ ਸਨ। ਇਸ ਮੁਕੱਦਮੇ ਵਿੱਚ ਕੁਲ 18 ਗਦਰੀ ਫਸਾਏ ਗਏ ਸਨ, ਜਿਨ੍ਹਾਂ ’ਚੋਂ 9 ਇਕੱਲੇ ਕਨੇਡਾ ਤੋਂ ਸਨ। ਇਸ ਮੁਕੱਦਮੇ ਵਿੱਚ ਭਾਈ ਬਲਵੰਤ ਸਿੰਘ ਨਾਲ ਉਨ੍ਹਾਂ ਦੇ ਵੈਨਕੂਵਰ ਦੇ ਸਾਥੀ ਭਾਈ ਬਤਨ ਸਿੰਘ ਕਾਹਰੀ, ਕਰਤਾਰ ਸਿੰਘ ਨਵਾਂਚੰਦ, ਮੁਨਸ਼ਾ ਸਿੰਘ ਦੁਖੀ ਅਤੇ ਹਰੀ ਸਿੰਘ ਚੋਟੀਆਂ ਵੀ ਸ਼ਾਮਲ ਸਨ। ਭਾਈ ਬਲਵੰਤ ਸਿੰਘ ਉੱਤੇ ਦੋਸ਼ ਸੀ ਕਿ ਉਹ ਗਦਰ ਪਾਰਟੀ ਦੇ ਬੰਦੇ ਹਨ ਤੇ ਉਨ੍ਹਾਂ ਨੇ ਹਿੰਦੁਸਤਾਨ ਵਿੱਚ ਅੰਗਰੇਜ਼ ਸਰਕਾਰ ਦਾ ਤਖਤਾ ਉਲਟਾਉਣ ਲਈ ਬਹੁਤ ਸਾਰੇ ਗਦਰੀਆਂ ਨੂੰ ਹਿੰਦੁਸਤਾਨ ਭੇਜਿਆ ਹੈ।

---

[18] *ਕਿਰਤੀ*, ਅੰਮ੍ਰਿਤਸਰ, ਅਕਤੂਬਰ 1926, ਪੰਨਾ 45.

ਟਰਿਬਿਊਨਲ ਨੇ 5 ਜਨਵਰੀ, 1917 ਨੂੰ ਮੁਕੱਦਮੇ ਦਾ ਫੈਸਲਾ ਸੁਣਾਇਆ। ਟਰਿਬਿਊਨਲ ਦੇ ਕਮਿਸ਼ਨਰਾਂ ਆਪਣੇ ਫੈਸਲੇ ਵਿੱਚ ਲਿਖਿਆ ਸੀ, "ਸਾਨੂੰ ਕੋਈ ਸ਼ੱਕ ਨਹੀਂ ਕਿ ਦੋਸ਼ੀ ਗਦਰ ਪਾਰਟੀ ਦਾ ਬੰਦਾ ਹੈ ਅਤੇ ਉਹ ਬੜੀ ਸਰਗਰਮੀ ਨਾਲ ਬੰਦਿਆਂ ਨੂੰ ਹਿੰਦੁਸਤਾਨ ਜਾ ਕੇ ਗਦਰ ਮਚਾਉਣ ਲਈ ਉਕਸਾਉਂਦਾ ਰਿਹਾ ਹੈ। ਨਤੀਜੇ ਵਜੋਂ ਬਹੁਤ ਸਾਰੇ ਬੰਦੇ ਗਦਰ ਮਚਾਉਣ ਲਈ ਹਿੰਦੁਸਤਾਨ ਆਏ ਹਨ।" ਫੈਸਲੇ ਵਿੱਚ ਅੱਗੇ ਲਿਖਿਆ ਸੀ, "ਦੋਸ਼ੀ ਕਨੇਡਾ ਦੀ ਗਦਰ ਪਾਰਟੀ ਦੇ ਰਿੰਗ-ਲੀਡਰਾਂ 'ਚੋਂ ਹੈ। ਉਸ ਨੇ ਆਪਣੀ ਪੁਜ਼ੀਸ਼ਨ ਦਾ ਫਾਇਦਾ ਉਠਾਉਂਦਿਆਂ ਦੂਸਰਿਆਂ ਤੋਂ ਜੁਰਮ, ਬਗਾਵਤ ਅਤੇ ਕਤਲ ਕਰਵਾਏ ਹਨ। ਉਹ ਦੂਸਰਿਆ ਨੂੰ ਉਕਸਾਉਣ ਵਾਲ਼ੇ ਵੱਡੇ ਲੀਡਰਾਂ 'ਚੋਂ ਹੈ ਅਤੇ ਉਹ ਉਸ ਹੀ ਸਜ਼ਾ ਦਾ ਹੱਕਦਾਰ ਹੈ, ਜਿਸ ਸਜ਼ਾ ਦੇ ਹੱਕਦਾਰ ਉਸ ਦੇ ਹੁਕਮਾਂ ਨੂੰ ਮੰਨਣ ਵਾਲ਼ੇ ਹਨ।[19] ਟ੍ਰਿਬਿਊਨਲ ਦੇ ਕਮਿਸ਼ਨਰਾਂ ਨੇ ਬਲਵੰਤ ਸਿੰਘ ਨੂੰ ਇੰਡੀਅਨ ਪੀਨਲ ਕੋਡ ਦੀ ਧਾਰਾ 121 ਅਤੇ 121-ਏ ਅਧੀਨ ਦੋਸ਼ੀ ਕਰਾਰ ਦਿੱਤਾ। ਕਮਿਸ਼ਨਰਾਂ ਨੇ ਆਪ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਹੁਕਮ ਕੀਤਾ ਕਿ ਇਨ੍ਹਾਂ ਦੀ ਜ਼ਬਤ ਕੀਤੀ ਜਾ ਸਕਣ ਵਾਲੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ।

ਇਹ ਜੰਗ ਦੇ ਦਿਨ ਸਨ ਤੇ ਸਰਕਾਰ ਬਹੁਤ ਡਰੀ ਹੋਈ ਸੀ। ਇਸ ਲਈ ਅਫਸਰ ਲੋਕ ਸਰਕਾਰੀ ਹੁਕਮਾਂ ਅਨੁਸਾਰ, ਮੌਕਾ ਦੇਖ ਕੇ ਜਦੋਂ ਠੀਕ ਸਮਝਦੇ ਸਿਆਸੀ ਕੈਦੀਆਂ ਨੂੰ ਫਾਂਸੀ ਲਾ ਦਿੰਦੇ ਸਨ ਤੇ ਉਨ੍ਹਾਂ ਦੀਆਂ ਲਾਸ਼ਾਂ ਵੀ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਸੀ ਦਿੰਦੇ। ਭਾਈ ਬਲਵੰਤ ਸਿੰਘ ਦੇ ਫਾਂਸੀ ਚੜ੍ਹਾਏ ਦੀ ਤ੍ਰੀਕ ਵੀ ਉਨ੍ਹਾਂ ਦੇ ਘਰਦਿਆਂ ਨੂੰ ਨਹੀਂ ਸੀ ਦੱਸੀ ਗਈ। 18 ਚੇਤਰ ਵਾਲੇ ਦਿਨ ਭਾਈ ਬਲਵੰਤ ਸਿੰਘ ਦੀ ਪਤਨੀ ਬੀਬੀ ਕਰਤਾਰ ਕੌਰ ਜਦੋਂ ਮੁਲਾਕਾਤ ਲਈ ਜੇਲ੍ਹ ਪੁੱਜੀ ਤਾਂ ਜੇਲ੍ਹ ਅਧਿਕਾਰੀਆਂ ਨੇ ਗਰੰਥ ਸਾਹਿਬ ਦੀ ਛੋਟੀ ਬੀੜ ਤੇ ਉਨ੍ਹਾਂ ਦੀਆਂ ਹੋਰ ਚੀਜ਼ਾਂ ਬੀਬੀ ਜੀ ਨੂੰ ਸੰਭਾਲਦਿਆਂ ਦੱਸਿਆ ਕੇ ਉਨ੍ਹਾਂ ਦੇ ਪਤੀ ਨੂੰ ਕੱਲ੍ਹ, 17 ਚੇਤਰ ਵਾਲੇ ਦਿਨ (29 ਮਾਰਚ, 1917) ਫਾਂਸੀ ਦੇ ਦਿੱਤੀ ਗਈ ਹੈ।[20]

**ਬਾਬੂ ਹਰਨਾਮ ਸਿੰਘ ਸਾਹਰੀ**, ਗਦਰ ਲਹਿਰ ਵਿਚ ਅਹਿਮ ਭੂਮਿਕਾ ਨਿਭਾਉਣ ਵਾਲ਼ਾ, ਕਨੇਡਾ ਦਾ ਇਕ ਹੋਰ ਮਸ਼ਹੂਰ ਗਦਰੀ ਸੀ। ਇਨ੍ਹਾਂ ਦਾ ਜਨਮ 1884 ਈ: ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸਾਹਰੀ 'ਚ ਹੋਇਆ ਸੀ। ਆਪ ਮਿਡਲ ਪਾਸ ਸਨ। ਥੋੜ੍ਹਾ ਚਿਰ ਫੌਜ ਦੀ ਨੌਕਰੀ ਕਰਨ ਬਾਅਦ 1904 ਵਿਚ ਆਪ ਹਾਂਗਕਾਂਗ ਚਲੇ ਗਏ ਜਿੱਥੋਂ 1907 ਵਿਚ ਆਪ ਕਨੇਡਾ ਆ ਗਏ। ਇੱਥੇ ਵੈਨਕੂਵਰ ਨੇੜੇ ਵਿਕਟੋਰੀਆ ਵਿਚ 9 ਮਹੀਨੇ ਰਹਿ ਕੇ ਮਈ 1908 ਵਿਚ ਆਪ ਅਮਰੀਕਾ ਦੇ ਸ਼ਹਿਰ ਸਿਆਟਲ ਚਲੇ ਗਏ। ਸਿਆਟਲ ਵਿਚ 1908-09 ਦੌਰਾਨ ਆਪ ਨੇ ਪਹਿਲਾਂ ਲਿੰਕਨ ਹਾਈ ਸਕੂਲ ਵਿਚ ਤੇ ਫੇਰ ਯੂਨੀਵਰਸਿਟੀ ਕਾਲਜ ਸਿਆਟਲ ਵਿਚ ਪੜ੍ਹਾਈ ਕੀਤੀ। ਡੇਢ ਸਾਲ ਸਿਆਟਲ ਰਹਿ ਕੇ ਨਵੰਬਰ 1909 ਵਿਚ ਆਪ ਵੈਨਕੂਵਰ ਵਾਪਸ ਆ ਗਏ। ਇੱਥੇ ਬਾਬੂ ਹਰਨਾਮ ਸਿੰਘ ਨੇ ਜੀ. ਡੀ. ਕੁਮਾਰ ਨਾਲ਼ ਰਲ਼ਕੇ "ਹਿੰਦੁਸਤਾਨੀ ਅਸੋਸੀਏਸ਼ਨ" ਨਾਂ ਦੀ ਜਥੇਬੰਦੀ ਬਣਾਈ ਜਿਸਦਾ ਮਕਸਦ ਹਿੰਦੁਸਤਾਨੀ ਕੌਮ ਨੂੰ ਦੁਨੀਆ ਦੀਆਂ ਦੂਜੀਆਂ ਕੌਮਾਂ ਦੇ ਬਰਾਬਰ ਦਰਜਾ ਦੁਆਉਣਾ ਸੀ। ਬਾਬੂ ਹਰਨਾਮ ਸਿੰਘ ਹੁਰਾਂ ਸ਼ਿਆਮ ਜੀ ਕ੍ਰਿਸ਼ਨ ਵਰਮਾ ਦੇ ਲੰਡਨ ਵਿਚਲੇ 'ਇੰਡੀਆ ਹਾਊਸ' ਦੀ ਲੀਹ 'ਤੇ ਦਸੰਬਰ 1909 ਨੂੰ ਵੈਨਕੂਵਰ ਵਿਚ 'ਸਵਦੇਸ਼ ਸੇਵਕ ਹੋਮ' ਬਣਾਇਆ ਜਿੱਥੇ ਹਿੰਦੁਸਤਾਨੀ ਆਵਾਸੀਆਂ ਨੂੰ ਸਿਆਸੀ ਵਿੱਦਿਆ ਦਿੱਤੀ ਜਾਂਦੀ ਸੀ। ਜਨਵਰੀ 1910 ਵਿਚ ਬਾਬੂ ਹਰਨਾਮ ਸਿੰਘ ਨੇ ਜੀ. ਡੀ. ਕੁਮਾਰ ਨਾਲ਼ ਰਲ਼ ਕੇ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪੰਜਾਬੀ ਦਾ ਮਾਸਿਕ ਅਖਬਾਰ ਕੱਢਿਆ। ਹਿੰਦੁਸਤਾਨ ਤੋਂ ਬਾਹਰ, ਦੁਨੀਆ ਵਿਚ ਕਿਤੇ ਵੀ ਛਪਣ ਵਾਲ਼ਾ, ਪੰਜਾਬੀ ਦਾ ਇਹ ਪਹਿਲਾ ਅਖਬਾਰ ਸੀ। 'ਸੁਦੇਸ਼ ਸੇਵਕ' ਵਿਚ ਕਨੇਡੀਅਨ ਸਰਕਾਰ ਵਲੋਂ ਹਿੰਦੁਸਤਾਨੀਆਂ ਨੂੰ ਕਨੇਡਾ 'ਚੋਂ ਬਾਹਰ ਰੱਖਣ ਦੇ ਇਰਾਦੇ ਨਾਲ਼ ਬਣਾਏ

---

[19] Second Supplementary Lahore Conspiracy Case, Judgement, January 4, 1917, Individual Case of Balwant Singh, accused no. 3.

[20] *ਕਿਰਤੀ, ਅੰਮ੍ਰਿਤਸਰ*, ਅਕਤੂਬਰ 1926, ਪੰਨੇ 45-46.

ਇਮੀਗ੍ਰੇਸ਼ਨ ਦੇ ਨਸਲਵਾਦੀ ਕਨੂੰਨਾਂ ਬਾਰੇ, ਉਨ੍ਹਾਂ ਕੋਲ਼ੋਂ ਵੋਟ ਦਾ ਹੱਕ ਖੋਹੇ ਜਾਣ ਬਾਰੇ ਅਤੇ ਉਨ੍ਹਾਂ ਨੂੰ ਦਰਪੇਸ਼ ਹੋਰ ਮਸਲਿਆਂ ਬਾਰੇ ਲਿਖਤਾਂ ਛਾਪੀਆਂ ਜਾਂਦੀਆਂ ਸਨ।[21] ਇਨ੍ਹਾਂ ਲੇਖਾਂ ਰਾਹੀਂ ਹਿੰਦੁਸਤਾਨੀ ਇਮੀਗ੍ਰੈਂਟਾਂ ਨੂੰ ਸਮਝਾਇਆ ਜਾਂਦਾ ਸੀ ਕਿ ਉਨ੍ਹਾਂ ਦੀ ਦੁਰ-ਦਸ਼ਾ ਦਾ ਅਸਲ ਕਾਰਨ ਹਿੰਦੁਸਤਾਨ ਦੀ ਗੁਲਾਮੀ ਸੀ। ਇਹ ਪੇਪਰ ਵੱਡੀ ਗਿਣਤੀ ਵਿਚ ਹਿੰਦੁਸਤਾਨ ਨੂੰ ਭੇਜਿਆ ਜਾਂਦਾ ਸੀ। ਹਿੰਦੁਸਤਾਨ ਦੀ ਸੀ. ਆਈ. ਡੇ. ਦੇ ਵੱਡੇ ਅੰਗਰੇਜ਼ ਅਫਸਰਾਂ ਨੇ ਬਾਅਦ ਵਿਚ 'ਸੁਦੇਸ਼ ਸੇਵਕ' ਬਾਰੇ ਟਿੱਪਣੀ ਕੀਤੀ ਸੀ, " ਹੌਲ਼ੀ ਹੌਲ਼ੀ ਇਸ ਦੀ ਸੁਰ ਵੱਧ ਤੋਂ ਵੱਧ ਇਤਰਾਜ਼ ਯੋਗ ਹੁੰਦੀ ਗਈ। ਕਿਉਂਕਿ ਇਹ ਪੇਪਰ ਬ੍ਰਿਟਿਸ਼ ਇੰਡੀਅਨ ਆਰਮੀ ਦੇ ਸਿੱਖ ਸਿਪਾਹੀਆਂ ਨੂੰ ਉਨ੍ਹਾਂ ਦੀ ਆਪਣੀ ਜ਼ੁਬਾਨ ਵਿਚ ਸੰਬੋਧਿਤ ਹੁੰਦਾ ਸੀ, ਅਤੇ ਕਾਫੀ ਗਿਣਤੀ ਵਿਚ ਹਿੰਦੁਸਤਾਨ ਨੂੰ ਭੇਜਿਆ ਜਾਂਦਾ ਸੀ, ਇਸ ਲਈ ਮਾਰਚ 1911 ਵਿਚ ਇਸ ਦੇ ਹਿੰਦੁਸਤਾਨ ਵਿਚ ਦਾਖਲੇ ਉੱਤੇ ਪਾਬੰਦੀ ਲਗਾ ਦਿੱਤੀ ਗਈ।"[22]

ਬਾਬੂ ਹਰਨਾਮ ਸਿੰਘ ਦੀਆਂ 'ਸੁਦੇਸ਼ ਸੇਵਕ' ਸੇਵਕ ਵਿਚਲੀਆਂ ਲਿਖਤਾਂ ਤੇ ਹੋਰ ਸਿਆਸੀ ਸਰਗਰਮੀਆਂ ਤੋਂ ਕਨੇਡੀਅਨ ਅਧਿਕਾਰੀ ਬੜਾ ਚਿੜ੍ਹਦੇ ਸਨ। ਉਹ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਸਨ। ਜ਼ਲਦੀ ਹੀ ਉਨ੍ਹਾਂ ਹੱਥ ਮੌਕਾ ਆ ਗਿਆ। ਬਾਬੂ ਹਰਨਾਮ ਸਿੰਘ 1910 ਦੀਆਂ ਗਰਮੀਆਂ ਵਿਚ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਰਹਿੰਦੇ ਹਿੰਦੁਸਤਾਨੀਆਂ ਤੋਂ 'ਸੁਦੇਸ਼ ਸੇਵਕ' ਅਖਬਾਰ ਵਾਸਤੇ ਉਗਰਾਹੀ ਕਰਨ ਗਏ। 4 ਜੁਲਾਈ 1910 ਨੂੰ ਜਦੋਂ ਆਪ ਸਿਆਟਲ ਤੋਂ ਵੈਨਕੂਵਰ ਨੂੰ ਵਾਪਸ ਆ ਰਹੇ ਸਨ ਤਾਂ ਕਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਆਪ ਨੂੰ ਕਨੇਡਾ ਪਰਤਣ ਦੀ ਇਜਾਜ਼ਤ ਨਾ ਦਿੱਤੀ। ਬਾਬੂ ਹਰਨਾਮ ਸਿੰਘ ਸਿਆਟਲ ਹੀ ਟਿਕ ਗਏ। ਆਪ ਨੇ 1910-12 ਦੌਰਾਨ ਸਿਆਟਲ ਦੀ ਯੂਨੀਵਰਸਿਟੀ ਆਫ ਵਾਸ਼ਿੰਗਟਨ ਵਿਚ ਪੜ੍ਹਾਈ ਕੀਤੀ। ਮਈ 1911 ਵਿਚ ਆਪ ਦਾ ਵੈਨਕੂਵਰ ਦਾ ਸਾਥੀ ਜੀ. ਡੀ. ਕੁਮਾਰ ਵੀ ਵੈਨਕੂਵਰ ਤੋਂ ਸਿਆਟਲ ਜਾ ਕੇ ਰਹਿਣ ਲੱਗਾ। 1911-12 ਦੌਰਾਨ ਬਾਬੂ ਹਰਨਾਮ ਸਿੰਘ, ਜੀ. ਡੀ. ਕੁਮਾਰ ਨਾਲ਼ ਰਲ਼ ਕੇ, ਵਾਸ਼ਿੰਗਟਨ ਤੇ ਔਰੇਗਨ ਸੂਬੇ ਦੀ ਸਰਹੱਦ 'ਤੇ ਵਗਦੇ ਦਰਿਆ ਕੋਲੰਬੀਆ ਦੇ ਆਲ਼ੇ-ਦੁਆਲ਼ੇ ਲੱਕੜ ਮਿੱਲਾਂ ਵਿਚ ਕੰਮ ਕਰਦੇ ਹਿੰਦੁਸਤਾਨੀ ਕਾਮਿਆਂ ਵਿਚ ਸਿਆਸੀ ਪ੍ਰਚਾਰ ਕਰਦੇ ਰਹੇ।

ਬਾਬੂ ਹਰਨਾਮ ਸਿੰਘ 1913 ਦੇ ਸ਼ੁਰੂ 'ਚ ਅਮਰੀਕਾ ਤੋਂ ਕਨੇਡਾ ਆਉਣ ਵਿਚ ਕਾਮਯਾਬ ਹੋ ਗਏ। 1913 ਦੇ ਅੱਧ 'ਚ ਅਮਰੀਕਾ ਵਿਚ ਗਦਰ ਪਾਰਟੀ ਬਣੀ ਤਾਂ ਆਪ ਇਸ ਲਈ ਬੜੀ ਸਰਗਰਮੀ ਨਾਲ਼ ਕੰਮ ਕਰਨ ਲੱਗੇ। ਬਾਬੂ ਹਰਨਾਮ ਸਿੰਘ ਨੇ ਕਨੇਡਾ ਰਹਿੰਦੇ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਗਦਰ ਪਾਰਟੀ ਨਾਲ਼ ਜੋੜਿਆ। ਮਈ 1914 'ਚ ਵੈਨਕੂਵਰ ਆਏ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੀ ਮਦਦ ਲਈ ਬਣੀ ਪੰਦਰਾਂ ਮੈਂਬਰੀ 'ਸ਼ੋਰ ਕਮੇਟੀ' ਦੇ ਆਪ ਮੈਂਬਰ ਸਨ। ਜੁਲਾਈ 1914 'ਚ ਕਨੇਡਾ ਤੋਂ ਵਾਪਸ ਮੋੜੇ ਜਾ ਰਹੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਹਥਿਆਰ ਪਹੁੰਚਾਉਣ ਲਈ ਗਦਰ ਪਾਰਟੀ ਨੇ ਬਾਬੂ ਹਰਨਾਮ ਸਿੰਘ ਦੀ ਡਿਊਟੀ ਲਗਾਈ। ਆਪ ਨੇ ਵੈਨਕੂਵਰ, ਵਿਕਟੋਰੀਆ ਤੇ ਵਿਕਟੋਰੀਆ ਵਾਲ਼ੇ ਪਾਸੇ ਅਮਰੀਕਾ ਦੇ ਸ਼ਹਿਰ ਪੋਰਟ ਏਂਜਲਸ ਜਾ ਕੇ ਹਥਿਆਰ ਖਰੀਦਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਆਪ ਨੂੰ ਕਾਮਯਾਬੀ ਨਾ ਮਿਲ਼ੀ। ਫੇਰ ਬਾਬੂ ਹਰਨਾਮ ਸਿੰਘ ਨੇ ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ ਤੇ ਭਾਈ ਮੇਵਾ ਸਿੰਘ ਨਾਲ਼ ਰਲ਼ ਕੇ 17 ਜੁਲਾਈ, 1914 ਵਾਲ਼ੇ ਦਿਨ ਸਰਹੱਦ ਨੇੜੇ ਪੈਂਦੇ ਅਮਰੀਕਾ ਦੇ ਕਸਬੇ ਸੂਮਾਸ ਤੋਂ ਹਥਿਆਰ ਖਰੀਦਣ ਦੀ ਕੋਸ਼ਿਸ਼ ਕੀਤੀ। ਸੂਮਾਸ ਵਿਚ ਆਪ ਸਭ ਨੂੰ ਅਮਰੀਕਨ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ। ਕਨੇਡੀਅਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਭਾਈ ਬਲਵੰਤ ਸਿੰਘ ਤੇ ਭਾਈ ਭਾਗ ਸਿੰਘ ਹੁਰਾਂ ਨੂੰ ਤਾਂ ਵਾਪਸ ਲੈ

---

[21] *ਸੁਦੇਸ਼ ਸੇਵਕ*, ਵੈਨਕੂਵਰ, ਮਈ, 1910.

[22] J.C. Kerr, *Political Trouble in India, 1907-17*, pp230-31.

ਲਿਆ ਪਰ ਬਾਬੂ ਹਰਨਾਮ ਸਿੰਘ ਬਾਰੇ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਇਹ ਕਹਿ ਦਿੱਤਾ ਕਿ ਹਰਨਾਮ ਸਿੰਘ ਕਨੇਡਾ ਦਾ ਬਾਸ਼ਿੰਦਾ ਨਹੀਂ ਤੇ ਉਹ ਉਸ ਨੂੰ ਡੀਪੋਰਟ ਕਰ ਸਕਦੇ ਹਨ।[23]

ਕਨੇਡੀਅਨ ਪੁਲ਼ਸ ਨੇ ਸਤੰਬਰ ਦੇ ਦੂਸਰੇ ਹਫਤੇ, ਜਦੋਂ ਕਿ ਬਾਬੂ ਹਰਨਾਮ ਸਿੰਘ ਅਮਰੀਕਾ ਦੀ ਜੇਲ੍ਹ 'ਚ ਬੰਦ ਸਨ, ਉਨ੍ਹਾਂ ਦੇ ਵਿਕਟੋਰੀਆ ਵਾਲ਼ੇ ਘਰ ਛਾਪਾ ਮਾਰਿਆ। ਪੁਲ਼ਸ ਨੂੰ ਉੱਥੋਂ ਬਾਬੂ ਤਾਰਕ ਨਾਥ ਦਾਸ ਅਤੇ ਸੁਰਿੰਦਰ ਮੋਹਨ ਬੋਸ ਵਰਗੇ ਗਦਰੀਆਂ ਦੀਆਂ ਅਮਰੀਕਾ ਤੋਂ ਉਸ ਨੂੰ ਲਿਖੀਆਂ ਉਹ ਚਿੱਠੀਆਂ ਮਿਲ਼ੀਆਂ ਜਿਨ੍ਹਾਂ ਤੋਂ ਪਤਾ ਲਗਦਾ ਸੀ ਕਿ ਕਨੇਡਾ ਦੇ ਹਿੰਦੁਸਤਾਨੀਆਂ ਵਿਚ ਬੰਬ ਬਣਾਉਣ ਦੀ ਸਭ ਤੋਂ ਜ਼ਿਆਦਾ ਮੁਹਾਰਤ ਬਾਬੂ ਹਰਨਾਮ ਸਿੰਘ ਰਖਦੇ ਸੀ ਅਤੇ ਉਹ ਬੰਬ ਬਣਾਉਣ ਲਈ ਲੋੜੀਂਦੀਆਂ ਵਸਤਾਂ ਇਕੱਠੀਆਂ ਕਰ ਰਹੇ ਸੀ। ਬਾਬੂ ਹਰਨਾਮ ਸਿੰਘ ਦੇ ਸਟੋਰ ਦੀ ਤਲਾਸ਼ੀ ਲੈਣ 'ਤੇ ਪੁਲ਼ਸ ਨੂੰ ਉੱਥੋਂ ਬਹੁਤ ਸਾਰੀ ਐਸੀ ਸਮੱਗਰੀ ਮਿਲ਼ੀ ਜੋ ਬੰਬ ਬਣਾਉਣ ਲਈ ਵਰਤੀ ਜਾਣੀ ਸੀ।[24]

ਬਾਬੂ ਹਰਨਾਮ ਸਿੰਘ ਹਾਲਾਂ ਅਮਰੀਕਾ ਦੀ ਜੇਲ੍ਹ ਵਿਚ ਹੀ ਬੰਦ ਸਨ ਕਿ 4 ਅਗਸਤ 1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਅਮਰੀਕਨ ਸਰਕਾਰ ਨੇ 26 ਸਤੰਬਰ, 1914 ਨੂੰ ਬਾਬੂ ਹਰਨਾਮ ਸਿੰਘ ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ। ਜਦੋਂ ਆਪ ਦਾ ਜਹਾਜ਼ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਤਾਂ ਆਪ ਜਹਾਜ਼ 'ਚੋਂ ਖਿਸਕ ਗਏ। ਆਪ ਨੇ ਉੱਥੇ ਗਦਰੀਆਂ ਨਾ਼ਲ ਸੰਪਰਕ ਪੈਦਾ ਕਰ ਲਿਆ। ਇੱਥੇ ਆਪ ਨੇ ਸੋਹਣ ਲਾਲ ਪਾਠਕ ਤੇ ਭਾਈ ਸੰਤੋਖ ਸਿੰਘ ਧਰਦਿਓ ਵਰਗੇ ਗਦਰੀਆਂ ਨਾ਼ਲ ਰਲ਼ ਕੇ ਗਦਰ ਪਾਰਟੀ ਦੀ ਸਿਆਮ-ਬਰਮ੍ਹਾ ਪਲੈਨ ਦੀ ਕਮਾਂਡ ਸੰਭਾਲੀ। ਇਸ ਪਲੈਨ ਮੁਤਾਬਕ ਸਿਆਮ ਅਤੇ ਦੂਰ-ਪੂਰਬ ਦੇ ਦੂਸਰੇ ਦੇਸ਼ਾਂ 'ਚ ਰਹਿੰਦੇ ਗਦਰ ਪਾਰਟੀ ਦੇ ਹਮਦਰਦ ਹਿੰਦੁਸਤਾਨੀਆਂ ਨੂੰ ਸਿਆਮ ਵਿਚ ਇਕੱਠੇ ਕੀਤਾ ਜਾਣਾ ਸੀ। ਜਰਮਨ ਫੌਜੀ ਅਫਸਰਾਂ ਨੇ ਉਨ੍ਹਾਂ ਨੂੰ ਲੜਾਈ ਦੀ ਟਰੇਨਿੰਗ ਦੇਣੀ ਸੀ। ਜਰਮਨੀ ਵੱਲੋਂ ਸਪਲਾਈ ਕੀਤੇ ਹਥਿਆਰਾਂ ਨਾ਼ਲ ਉਨ੍ਹਾਂ ਨੂੰ ਲੈਸ ਕੀਤਾ ਜਾਣਾ ਸੀ। ਸਿਆਮ ਵਿਚ ਫੌਜੀ ਸਿੱਖਿਆ ਪ੍ਰਾਪਤ ਕਰਕੇ ਇਨ੍ਹਾਂ ਗਦਰੀਆਂ ਨੇ ਬਰਮ੍ਹਾ 'ਤੇ ਹਮਲਾ ਕਰਨਾ ਸੀ।

ਬਰਮ੍ਹਾ ਉਦੋਂ ਹਿੰਦੁਸਤਾਨ ਦਾ ਸੂਬਾ ਹੁੰਦਾ ਸੀ। ਉੱਥੋਂ ਗੋਰੀਆਂ ਫੌਜਾਂ ਲੜਾਈ ਵਿਚ ਹਿੱਸਾ ਲੈਣ ਲਈ ਯੂਰਪ ਨੂੰ ਜਾ ਚੁੱਕੀਆਂ ਸਨ। ਬਰਮ੍ਹਾ ਵਿਚ ਪੰਜਾਬੀ ਸਿੱਖਾਂ ਅਤੇ ਮੁਸਲਮਾਨਾਂ ਦੀ ਪੰਦਰਾਂ ਹਜ਼ਾਰ ਪੁਲ਼ਸ ਸੀ। ਅੰਗਰੇਜ਼ਾਂ ਨੇ ਉੱਥੇ ਆਪਣਾ ਦਬ-ਦਬਾਅ ਕਾਇਮ ਰੱਖਣ ਲਈ ਇਸ ਪੁਲ਼ਸ ਨੂੰ ਫੌਜੀ ਹਥਿਆਰ ਦੇ ਕੇ ਮਿਲਟਰੀ ਪੁਲ਼ਸ ਬਣਾਇਆ ਹੋਇਆ ਸੀ। ਗਦਰੀ ਲੀਡਰਾਂ ਨੇ ਬਰ੍ਹਮਾ ਦੀ ਇਸ ਹਿੰਦੁਸਤਾਨੀ ਮਿਲਟਰੀ ਪੁਲ਼ਸ ਵਿਚ ਪ੍ਰਚਾਰ ਕਰਕੇ ਉਸ ਨੂੰ ਆਪਣੇ ਨਾ਼ਲ ਗੰਢਣਾ ਸੀ ਤੇ ਇਹ ਯਕੀਨੀ ਬਣਾਉਣਾ ਸੀ ਕਿ ਉਹ ਸਿਆਮ 'ਚੋਂ ਬਰਮ੍ਹਾ ਤੇ ਹਮਲਾ ਕਰਨ ਵਾ਼ਲੀ ਗਦਰੀ ਫੌਜ ਦਾ ਸਾਥ ਦੇਵੇ। ਇਸ ਤਰ੍ਹਾਂ ਸਿਆਮ ਵਿਚਲੀ ਗਦਰੀ ਫੌਜ ਅਤੇ ਬਰਮ੍ਹਾ ਦੀ ਮਿਲਟਰੀ ਪੁਲ਼ਸ ਦੀ ਮਦਦ ਨਾ਼ਲ ਬਰਮ੍ਹਾ 'ਤੇ ਕਬਜ਼ਾ ਕੀਤਾ ਜਾਣਾ ਸੀ। ਬਰਮ੍ਹਾ ਨੂੰ ਅੱਡਾ ਬਣਾ ਕੇ ਫੇਰ ਅੱਗੇ ਹਿੰਦੁਸਤਾਨ 'ਤੇ ਹਮਲਾ ਕੀਤਾ ਜਾਣਾ ਸੀ।

ਸਿਆਮ ਤੋਂ ਬਾਬੂ ਹਰਨਾਮ ਸਿੰਘ ਨੇ ਬਰਮ੍ਹਾ ਵਿਚ ਜਾ ਕੇ ਹਿੰਦੁਸਤਾਨੀ ਸਿਪਾਹੀਆਂ 'ਚ ਕੰਮ ਕੀਤਾ। ਗਦਰ ਪਾਰਟੀ ਦੀ ਰੰਗੂਨ ਬਰਾਂਚ ਨੂੰ ਸਰਗਰਮ ਤੇ ਮਜ਼ਬੂਤ ਕਰਕੇ ਬਾਬੂ ਹਰਨਾਮ ਸਿੰਘ ਉੱਤਰੀ ਬਰਮ੍ਹਾ ਵੱਲ ਚਲੇ ਗਏ। ਉੱਥੇ ਉਨ੍ਹਾਂ ਨੇ ਛਾਉਣੀਆਂ ਵਿਚ ਜਾ ਕੇ ਗਦਰੀ ਸਾਹਿਤ ਵੰਡਿਆ। ਮੁਸਲਮਾਨ ਸਿਪਾਹੀਆਂ ਵਿਚ ਤੁਰਕੀ ਦੇ ਖਲੀਫੇ ਵੱਲੋਂ ਜਾਰੀ ਕੀਤਾ 'ਫਤਵਾ' ਵੰਡਿਆ ਜਿਸ ਵਿਚ ਦੁਨੀਆ ਭਰ ਦੇ ਮੁਸਲਮਾਨਾਂ ਨੂੰ ਅੰਗਰੇਜ਼ ਸਾਮਰਾਜ ਵਿਰੁੱਧ ਲੜਾਈ ਲੜਨ ਲਈ ਆਖਿਆ ਗਿਆ ਸੀ। ਏਨੇ ਨੂੰ ਪੰਜਾਬ 'ਚੋਂ ਗਦਰ ਦੇ ਫੇਲ੍ਹ ਹੋ ਜਾਣ ਦੀਆਂ ਖਬਰਾਂ ਆ ਗਈਆਂ। ਅਪ੍ਰੈਲ 1915 'ਚ ਸਰਕਾਰ ਨੂੰ ਸਿਆਮ-ਬਰਮ੍ਹਾ ਪਲੈਨ ਦਾ ਪਤਾ ਲੱਗ ਗਿਆ। ਬਰਮ੍ਹਾ 'ਚ ਗਦਰੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ

---

[23] Melcolm R. J. Reid to W. D. Scott, July 25, 1914. VCA, Add. Mss. No. 69, Vol. 1.

[24] J. C. Kerr, *Political trouble in india, 1907-17*, pp.249-50.

ਗਈਆਂ। ਬਰਮ੍ਹਾ 'ਚੋਂ ਨਿਕਲ਼ ਕੇ ਸਿਆਮ ਪਹੁੰਚਣ ਦੀ ਕੋਸ਼ਿਸ਼ ਕਰਦਿਆਂ ਬਾਬੂ ਹਰਨਾਮ ਸਿੰਘ ਸਰਹੱਦ 'ਤੇ ਬਰਮ੍ਹਾ ਵਾਲ਼ੇ ਪਾਸੇ ਫੜੇ ਗਏ। ਆਪ ਨੂੰ ਲਿਆ ਕੇ ਬਰਮ੍ਹਾ ਦੀ ਮੌਲਮੀਨ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ।
ਬਾਬੂ ਹਰਨਾਮ ਸਿੰਘ ਤੇ ਇਨ੍ਹਾਂ ਦੇ ਕੁੱਝ ਗਦਰੀ ਸਾਥੀ 1 ਸਤੰਬਰ, 1915 ਨੂੰ ਜੇਲ੍ਹ ਦੀਆਂ ਸੀਖਾਂ ਕੱਟ ਕੇ ਜੇਲ੍ਹ 'ਚੋਂ ਫਰਾਰ ਹੋ ਗਏ ਪਰ 9 ਸਤੰਬਰ, 1915 ਨੂੰ ਦੁਬਾਰਾ ਪਕੜੇ ਗਏ। ਬਾਬੂ ਹਰਨਾਮ ਸਿੰਘ ਅਤੇ ਜੇਲ੍ਹ 'ਚ ਬੰਦ ਇਨ੍ਹਾਂ ਦੇ ਗਦਰੀ ਸਾਥੀਆਂ ਉੱਤੇ ਬਰਮ੍ਹਾ ਦੀ ਮਾਂਡਲੇ ਜੇਲ੍ਹ 'ਚ 'ਫਸਟ ਬਰਮ੍ਹਾ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਉੱਤੇ ਦੋਸ਼ ਸੀ ਕਿ ਇਨ੍ਹਾਂ ਨੇ ਹਿੰਦੁਸਤਾਨ ਦੀ ਬ੍ਰਤਾਨਵੀ ਸਰਕਾਰ ਨੂੰ ਡੇਗਣ ਲਈ ਸਾਜ਼ਿਸ਼ ਰਚੀ ਹੈ।ਇਸ ਕੇਸ ਵਿਚ ਸਤਾਰਾਂ ਗਦਰੀ ਫਸਾਏ ਗਏ ਸਨ। 27 ਜੁਲਾਈ, 1916 ਨੂੰ ਮੁਕੱਦਮੇ ਦਾ ਫੈਸਲਾ ਦਿੰਦਿਆਂ ਬਾਬੂ ਹਰਨਾਮ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 14 ਨਵੰਬਰ, 1916 ਨੂੰ ਕਨੇਡਾ ਦੇ ਇਸ ਮਹਾਨ ਗਦਰੀ ਨੂੰ ਮਾਂਡਲੇ ਜੇਲ੍ਹ 'ਚ ਫਾਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।
**ਭਾਈ ਸੋਹਣ ਸਿੰਘ ਭਕਨਾ** ਅਮਰੀਕਾ ਦੀ ਗਦਰ ਪਾਰਟੀ ਦੇ ਪਰਧਾਨ ਸਨ। ਇਨ੍ਹਾਂ ਦਾ ਜਨਮ ਜਨਵਰੀ, 1870 ਈਸਵੀ ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ, ਗੁਰੂ ਕੇ ਬਾਗ ਦੇ ਨੇੜੇ, ਨਾਨਕੇ ਪਿੰਡ 'ਖੁਤਰਾਏ ਖੁਰਦ' ਵਿਚ ਹੋਇਆ ਸੀ। ਇਨ੍ਹਾਂ ਦਾ ਜੱਦੀ ਪਿੰਡ ਭਕਨਾ ਸੀ। ਇਨ੍ਹਾਂ ਦੇ ਪਿਤਾ ਕਰਮ ਸਿੰਘ ਸ਼ੇਰਗਿੱਲ 65 ਏਕੜ ਦੀ ਮਾਲਕੀ ਵਾਲ਼ੇ ਧਨੀ ਕਿਸਾਨ ਸਨ। ਆਪ ਨੇ ਪੜ੍ਹਾਈ ਪਰਾਇਮਰੀ ਸਕੂਲ ਤੱਕ ਹੀ ਕੀਤੀ ਸੀ ਪਰ ਉਰਦੂ ਤੇ ਪੰਜਾਬੀ ਜਾਣਦੇ ਸਨ। ਪਹਿਲਾਂ ਆਪ ਸ਼ਰਾਬੀ ਕਬਾਬੀ ਹੁੰਦੇ ਸਨ ਪਰ ਸਤਾਈ ਸਾਲ ਦੀ ਉਮਰੇ 1897 ਈਸਵੀ 'ਚ ਆਪ ਨਾਮਧਾਰੀ ਲਹਿਰ ਨਾਲ਼ ਜੁੜ ਗਏ। ਆਰਥਿਕ ਮੁਸ਼ਕਿਲਾਂ ਤੋਂ ਤੰਗ ਆ ਕੇ ਅਪ੍ਰੈਲ 1909 ਨੂੰ ਆਪ ਅਮਰੀਕਾ ਪੁੱਜ ਗਏ। ਇੱਥੇ ਪਹਿਲੀ ਰਾਤ ਆਪ ਨੇ ਸਿਆਟਲ 'ਚ ਬਾਬੂ ਹਰਨਾਮ ਸਿੰਘ ਸਾਹਰੀ ਦੇ ਘਰ ਕੱਟੀ ਜੋ ਵੈਨਕੂਵਰ ਤੋਂ ਆ ਕੇ ਇਨ੍ਹੀਂ ਦਿਨੀ ਸਿਆਟਲ 'ਚ ਰਹਿ ਰਹੇ ਸਨ। ਬਾਬੂ ਹਰਨਾਮ ਸਿੰਘ ਨਾਲ਼ ਆਪ ਦੀਆਂ 1907 ਵਾਲ਼ੀ 'ਪਗੜੀ ਸੰਭਾਲ ਜੱਟਾ' ਲਹਿਰ ਬਾਰੇ ਗੱਲਾਂ ਹੋਈਆਂ।[25] ਇੱਥੇ ਆਪ ਨੇ ਔਰੇਗਨ ਸੂਬੇ ਦੇ ਸ਼ਹਿਰ ਪੋਰਟਲੈਂਡ ਨੇੜੇ ਸਾਅ-ਮਿੱਲਾਂ 'ਚ ਕੰਮ ਕੀਤਾ। ਅਮਰੀਕਾ 'ਚ ਰਹਿੰਦਿਆਂ ਆਪ ਨੂੰ ਵੀ ਦੂਸਰੇ ਹਿੰਦੁਸਤਾਨੀ ਆਵਾਸੀਆਂ ਵਾਂਗ ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪਿਆ। ਭਕਨੇ ਦੇ ਆਪਣੇ ਸ਼ਬਦਾਂ ਵਿਚ, "ਰਾਹ ਚਲਦੇ ਬੱਚੇ ਵੀ 'ਹੈਲੋ ਹਿੰਦੂ ਸਲੇਵ' ਕਹਿ ਕੇ ਚਿੜ੍ਹਾਉਂਦੇ। ਤਾਅਨੇ ਮਿਲਦੇ- ਤੁਸੀਂ ਤੀਹ ਕਰੋੜ ਭੇਡਾਂ ਹੋ ਜਾਂ ਆਦਮੀ, ਜਿਹੜੇ ਦੋ ਲੱਖ ਅੰਗਰੇਜ਼ਾਂ ਤੋਂ ਪਿੱਛਾ ਨਹੀਂ ਛੁਡਾ ਸਕਦੇ। ਨਸ਼ਤਰ ਚਭੋਏ ਜਾਂਦੇ ਕਿ ਤੁਸੀਂ ਹਿੰਦੀ ਇਨਸਾਨ ਨਹੀਂ ਗੁਲਾਮੀ ਦੀ ਪਲੇਗ ਫੈਲਾਉਣ ਵਾਲੇ ਚੂਹੇ ਹੋ।"[26]

ਇਸ ਨਸਲਵਾਦ ਵਿਰੁੱਧ ਕਨੇਡਾ ਵਸਦੇ ਹਿੰਦੁਸਤਾਨੀ ਆਵਾਸੀ 1907-08 ਤੋਂ ਹੀ ਲਾਮਬੰਦ ਹੋ ਰਹੇ ਸਨ। ਸੋਹਣ ਸਿੰਘ ਭਕਨੇ ਤੇ ਅਮਰੀਕਾ ਵਸਦੇ ਦੂਸਰੇ ਹਿੰਦੁਸਤਾਨੀ ਆਵਾਸੀਆਂ ਨੂੰ ਉਨ੍ਹਾਂ ਦੇ ਕਨੇਡਾ ਵਸਦੇ ਇਨ੍ਹਾਂ ਹਿੰਦੁਸਤਾਨੀ ਭਰਾਵਾਂ ਨੇ ਸਿਖਾਇਆ ਸੀ ਕਿ "—ਸਾਂਝੇ ਹੱਕਾਂ ਦੀ ਰਾਖੀ ਲਈ ਜਥੇਬੰਦ ਘੋਲ ਦੀ ਜ਼ਰੂਰਤ ਹੈ।" ਭਕਨੇ ਹੁਰੀਂ ਅਮਰੀਕੀ ਲੋਕਾਂ ਵੱਲੋਂ ਆਪਣੀ ਆਜ਼ਾਦੀ ਲਈ ਇੰਗਲੈਂਡ ਵਿਰੁੱਧ ਲੜੀ ਲੜਾਈ ਤੋਂ ਵੀ ਪ੍ਰਭਾਵਤ ਸਨ। ਇਸ ਲਈ ਉਹ ਜਾਣਦੇ ਸਨ ਕਿ ਆਜ਼ਾਦੀ ਲਈ ਹਥਿਆਰ ਚੁੱਕਣੇ ਜ਼ਰੂਰੀ ਹਨ। ਸੋਹਣ ਸਿੰਘ ਭਕਨੇ ਦੇ ਆਪਣੇ ਸ਼ਬਦਾਂ ਵਿਚ "ਬਹੁਤ ਸੋਚ-ਵਿਚਾਰ ਤੋਂ ਬਾਅਦ ਅਸੀਂ ਇਸ ਨਤੀਜੇ ਉੱਤੇ ਪਹੁੰਚੇ ਕਿ ਕਿ ਜਦ ਤੱਕ ਆਜ਼ਾਦ ਨਹੀਂ ਹੁੰਦੇ, ਸਾਡਾ ਦੋ ਕੌਡੀ ਵੀ ਮੁੱਲ ਨਹੀਂ ਅਤੇ ਆਜ਼ਾਦੀ ਦਿੰਦਾ ਕੋਈ ਨਹੀਂ, ਲਈ ਜਾਂਦੀ ਹੈ। ਹਥਿਆਰਬੰਦ ਇਨਕਲਾਬ ਤੋਂ ਬਿਨਾਂ ਨਾ ਆਜ਼ਾਦੀ ਮਿਲ ਸਕਦੀ ਹੈ, ਨਾ ਲੋਕ-ਰਾਜ ਆ ਸਕਦਾ ਹੈ ਅਤੇ ਨਾ ਹੀ ਕੌਮੀ-ਅਣਖ ਬਚ ਸਕਦੀ ਹੈ।"[27]

---

[25] "ਬਾਬਾ ਸੋਹਣ ਸਿੰਘ ਭਕਨਾ ਨਾਲ ਮੁਲਾਕਾਤ", ਪ੍ਰੇਮ ਸਿੰਘ ਬਜਾਜ, *ਦੋ ਪੈੜਾਂ ਇਤਿਹਾਸ ਦੀਆਂ* (ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ, 2004), ਪੰਨਾ 50.

[26] *ਉਹੀ*, ਪੰਨਾ 52.

[27] *ਉਹੀ*, ਪੰਨਾ 53.

ਔਰੇਗਨ ਤੇ ਵਾਸ਼ਿੰਗਟਨ ਸੂਬਿਆਂ ਵਿਚ ਰਹਿੰਦੇ ਹਿੰਦੁਸਤਾਨੀ ਕਾਮਿਆਂ ਨੂੰ ਸਿਆਸੀ ਤੌਰ 'ਤੇ ਜਾਗ੍ਰਿਤ ਕਰਨ ਤੇ ਜਥੇਬੰਦ ਕਰਨ ਲਈ ਭਕਨੇ ਹੁਰੀਂ ਜੀ. ਡੀ. ਕੁਮਾਰ ਵਰਗੇ ਇਨਕਲਾਬੀਆਂ ਨਾਲ਼ ਰਲਕੇ 1912 ਦੇ ਸ਼ੁਰੂ 'ਚ ਪੋਰਟਲੈਂਡ ਵਿਚ "ਹਿੰਦੁਸਤਾਨ ਅਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਂ ਦੀ ਜਥੇਬੰਦੀ ਬਣਾਈ। ਸੋਹਣ ਸਿੰਘ ਭਕਨਾ ਇਸ ਦੇ ਪ੍ਰਧਾਨ ਤੇ ਜੀ. ਡੀ. ਕੁਮਾਰ ਇਸ ਦੇ ਸਕੱਤਰ ਬਣਾਏ ਗਏ। "ਹਿੰਦੁਸਤਾਨ" ਨਾਂ ਦਾ ਹਫਤਾਵਾਰੀ ਅਖਬਾਰ ਕੱਢਣ ਦਾ ਫੈਸਲਾ ਕੀਤਾ ਗਿਆ। ਪਰ ਸਭਾ ਦੀਆਂ ਚਾਰ-ਪੰਜ ਮੀਟਿੰਗਾਂ ਹੀ ਹੋਈਆਂ ਸਨ ਕਿ ਜੀ. ਡੀ. ਕੁਮਾਰ ਬਿਮਾਰ ਪੈ ਗਏ। ਅਖਬਾਰ ਕੱਢਣ ਦਾ ਕੰਮ ਪਿੱਛੇ ਪੈ ਗਿਆ ਤੇ ਹੌਲੀ ਹੌਲੀ ਸਭਾ ਦਾ ਕੰਮ ਠੱਪ ਹੋ ਗਿਆ।[28]

ਇਨ੍ਹਾਂ ਦਿਨਾਂ 'ਚ ਠਾਕਰ ਦਾਸ ਧੂਰੀ ਨੇ ਭਕਨੇ ਹੁਰਾਂ ਨੂੰ ਸਲਾਹ ਦਿੱਤੀ ਕਿ ਕੈਲੇਫੋਰਨੀਆ ਤੋਂ ਲਾਲਾ ਹਰਦਿਆਲ ਨੂੰ ਸੱਦ ਕੇ ਸਭਾ ਦਾ ਕੰਮ ਉਸ ਦੇ ਹਵਾਲੇ ਕੀਤਾ ਜਾਵੇ। ਭਕਨੇ ਹੁਰਾਂ ਲਾਲਾ ਹਰਦਿਆਲ ਨੂੰ ਚਿੱਠੀ ਲਿਖੀ। ਲਾਲਾ ਹਰਦਿਆਲ 25 ਮਾਰਚ, 1913 ਨੂੰ ਔਰੇਗਨ ਪਹੁੰਚ ਗਏ। ਸੋਹਣ ਸਿੰਘ ਭਕਨੇ ਹੁਰਾਂ ਲਾਲਾ ਹਰਦਿਆਲ ਨੂੰ ਨਾਲ਼ ਲੈ ਕੇ ਪੋਰਟਲੈਂਡ ਦੇ ਆਲੇ-ਦੁਆਲੇ ਲੱਕੜ-ਮਿੱਲਾਂ 'ਚ ਕੰਮ ਕਰਦੇ ਹਿੰਦੁਸਤਾਨੀ ਕਾਮਿਆਂ ਨਾਲ਼ ਤਿੰਨ-ਚਾਰ ਮੀਟਿੰਗਾਂ ਕੀਤੀਆ। ਫੇਰ ਅਪ੍ਰੈਲ ਦੇ ਤੀਸਰੇ ਹਫਤੇ ਦੇ ਆਖਰ 'ਤੇ ਅਸਟੋਰੀਆ ਵਿਚ ਵੱਡੀ ਮੀਟਿੰਗ ਸੱਦੀ ਗਈ। ਇੱਥੇ ਸੇਂਟ ਜਾਹਨ ਦੀ ਮੀਟਿੰਗ ਵਿਚ ਲਏ ਫੈਸਲਿਆਂ ਨੂੰ ਹੀ ਮਾਨਤਾ ਦਿੱਤੀ ਗਈ ਤੇ "ਹਿੰਦੀ ਅਸੋਸੀਏਸ਼ਨ ਆਫ ਪੈਸਿਫਿਕ ਕੋਸਟ" ਨਾਂ ਦੀ ਜਥੇਬੰਦੀ ਸਥਾਪਤ ਕੀਤੀ ਗਈ ਜਿਸ ਦੇ ਪਰਧਾਨ ਸੋਹਣ ਸਿੰਘ ਭਕਨਾ, ਸਕੱਤਰ ਲਾਲਾ ਹਰਦਿਆਲ ਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਨੂੰ ਬਣਾਇਆ ਗਿਆ।[29] ਪਾਰਟੀ ਦੇ ਖੁਫੀਆ ਕੰਮ ਲਈ ਤਿੰਨ ਮੈਂਬਰੀ ਕਮਿਸ਼ਨ ਬਣਾਇਆ ਗਿਆ। ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਪੰਡਤ ਕਾਂਸ਼ੀ ਰਾਮ ਇਸ ਖੁਫੀਆ ਕਮਿਸ਼ਨ ਦੇ ਮੈਂਬਰ ਸਨ। ਜਥੇਬੰਦੀ ਦਾ ਮੁੱਖ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਲਈ ਆਜ਼ਾਦੀ ਪ੍ਰਾਪਤ ਕਰਨਾ ਤੇ ਉੱਥੇ ਅਮਰੀਕਾ ਵਰਗਾ ਸੈਕੂਲਰ ਡੈਮੋਕਰੈਟਿਕ ਰੀਪਬਲਿਕ ਕਾਇਮ ਕਰਨਾ ਸੀ। ਜਥੇਬੰਦੀ ਦਾ ਹੈੱਡਕੁਆਟਰ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਚ ਹੋਣਾ ਸੀ ਜਿੱਥੋਂ 'ਗਦਰ' ਨਾਂ ਦਾ ਅਖਬਾਰ ਕੱਢਿਆ ਜਾਣਾ ਸੀ। ਬਾਅਦ ਵਿਚ 'ਗਦਰ' ਅਖਬਾਰ ਦੇ ਨਾਂ 'ਤੇ ਹੀ ਇਹ ਜਥੇਬੰਦੀ 'ਗਦਰ ਪਾਰਟੀ' ਦੇ ਨਾਂ ਨਾਲ਼ ਮਸ਼ਹੂਰ ਹੋਈ।

ਗਦਰ ਪਾਰਟੀ ਦਾ ਹੈੱਡਕੁਆਟਰ, ਜਿਸ ਨੂੰ 'ਯੁਗਾਂਤਰ ਆਸ਼ਰਮ' ਆਖਿਆ ਜਾਂਦਾ ਸੀ, ਸਾਨਫਰਾਂਸਿਸਕੋ ਵਿਚ ਕਿਰਾਏ 'ਤੇ ਲਏ ਮਕਾਨ ਵਿਚ ਸਥਾਪਤ ਕੀਤਾ ਗਿਆ। 1 ਨਵੰਬਰ, 1913 ਤੋਂ ਇੱਥੋਂ ਹਫਤਾਵਾਰੀ 'ਗਦਰ' ਅਖਬਾਰ ਪ੍ਰਕਾਸ਼ਿਤ ਹੋਣ ਲੱਗਾ। 'ਗਦਰ' ਅਖਬਾਰ ਰਾਹੀਂ ਕਨੇਡਾ, ਅਮਰੀਕਾ ਤੇ ਬਾਹਰਲੇ ਹੋਰ ਦੇਸ਼ਾਂ 'ਚ ਵਸਦੇ ਹਿੰਦੁਸਤਾਨੀ ਗਦਰ ਪਾਰਟੀ ਨਾਲ਼ ਜੁੜਨ ਲੱਗੇ। ਗਦਰ ਪਾਰਟੀ ਦਾ ਪ੍ਰਭਾਵ ਵਧਦਾ ਵੇਖ ਕੇ ਬ੍ਰਤਾਨਵੀ ਸਰਕਾਰ ਘਬਰਾ ਗਈ। ਉਨ੍ਹਾਂ ਅਮਰੀਕੀ ਸਰਕਾਰ 'ਤੇ ਦਬਾਅ ਪਾਇਆ। ਇਸ ਦਬਾਅ ਥੱਲੇ ਅਮਰੀਕੀ ਸਰਕਾਰ ਨੇ 25 ਮਾਰਚ, 1914 ਨੂੰ ਲਾਲਾ ਹਰਦਿਆਲ ਨੂੰ ਗ੍ਰਿਫਤਾਰ ਕਰ ਲਿਆ ਪਰ ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਦੀ ਜ਼ਮਾਨਤ ਉੱਤੇ ਛੁਡਾ ਲਿਆ ਗਿਆ। ਬਾਅਦ ਵਿਚ, ਇਸ ਡਰੋਂ ਕਿ ਅਮਰੀਕੀ ਸਰਕਾਰ ਕਿਤੇ ਲਾਲਾ ਹਰਦਿਆਲ ਨੂੰ ਅੰਗਰੇਜ਼ ਸਰਕਾਰ ਦੇ ਹਵਾਲੇ ਨਾ ਕਰ ਦੇਵੇ, ਲਾਲਾ ਹਰਦਿਆਲ ਪਾਰਟੀ ਦੀ ਸਲਾਹ ਨਾਲ਼ ਅਮਰੀਕਾ ਛੱਡ ਕੇ ਯੋਰਪ ਨੂੰ ਚਲੇ ਗਏ। ਲਾਲਾ ਹਰਦਿਆਲ ਦੀ ਥਾਂ ਭਾਈ ਸੰਤੋਖ ਸਿੰਘ ਧਰਦਿਉ ਨੂੰ ਗਦਰ ਪਾਰਟੀ ਦੇ ਜਨਰਲ ਸਕੱਤਰ ਬਣਾਇਆ ਗਿਆ।

ਲਾਲਾ ਹਰਦਿਆਲ ਦੇ ਅਮਰੀਕਾ ਛੱਡ ਜਾਣ ਪਿੱਛੋਂ, ਗਦਰ ਪਾਰਟੀ ਦੇ ਪ੍ਰਧਾਨ ਹੋਣ ਕਰ ਕੇ, ਸੋਹਣ ਸਿੰਘ ਭਕਨੇ ਦੀ ਜ਼ਿੰਮੇਵਾਰੀ ਹੋਰ ਵਧ ਗਈ। ਉਹ ਆਪਣੀ ਲੱਕੜ-ਮਿੱਲ ਦੀ ਜੌਬ ਛੱਡ ਕੇ ਸਾਨਫਰਾਂਸਿਸਕੋ ਜਾ ਕੇ ਗਦਰ ਆਸ਼ਰਮ ਵਿਚ ਰਹਿਣ ਲੱਗੇ ਤੇ ਕੁੱਲ-ਵਕਤੀ ਬਣ ਕੇ ਗਦਰ ਪਾਰਟੀ ਲਈ ਕੰਮ ਕਰਨ ਲੱਗੇ। ਉਹ ਗਦਰ ਆਸ਼ਰਮ ਵਿਚ ਖੁਦ

---

[28] ਸੋਹਨ ਸਿੰਘ ਜੋਸ਼, *ਇਕ ਇਨਕਲਾਬ: ਇਕ ਜੀਵਨੀ* (ਚੰਡੀਗੜ੍ਹ: ਪੰਜਾਬ ਬੁਕ ਸੈਂਟਰ, 1969), ਪੰਨੇ 26-27.
[29] *ਉਹੀ*, ਪੰਨੇ 28-29.

ਸਾਰੇ ਕੰਮਾਂ ਦੀ ਨਿਗਰਾਨੀ ਕਰਦੇ। ਪਾਰਟੀ ਨੂੰ ਵਧੇਰੇ ਮਜ਼ਬੂਤ ਤੇ ਜਥੇਬੰਦ ਕਰਨ ਲਈ ਉਨ੍ਹਾਂ ਦਿਨ-ਰਾਤ ਇਕ ਕਰ ਦਿੱਤਾ। ਉਹ ਬਾਹਰ ਹਿੰਦੁਸਤਾਨੀ ਕਾਮਿਆਂ ਦੇ ਡੇਰਿਆਂ ‘ਤੇ ਜਾ ਕੇ ਉਨ੍ਹਾਂ ਨੂੰ ਗਦਰ ਪਾਰਟੀ ਦਾ ਪ੍ਰੋਗਰਾਮ ਦੱਸਦੇ, ਨਵੇਂ ਮੈਂਬਰ ਭਰਤੀ ਕਰਕੇ ਗਦਰ ਪਾਰਟੀ ਦੀਆਂ ਨਵੀਆਂ ਸ਼ਾਖਾਵਾਂ ਕਾਇਮ ਕਰਦੇ ਤੇ ਪਾਰਟੀ ਲਈ ਫੰਡ ਇਕੱਠਾ ਕਰਦੇ।

ਕਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਕਾਮਾਗਾਟਾ ਮਾਰੂ ਨੂੰ ਦੋ ਮਹੀਨੇ ਸਮੁੰਦਰ ਵਿਚ ਘੇਰੀ ਰੱਖਣ ਤੋਂ ਬਾਅਦ ਕਨੇਡੀਅਨ ਸਰਕਾਰ ਨੇ ਇਸ ਨੂੰ 23 ਜੁਲਾਈ, 1914 ਨੂੰ ਵਾਪਸ ਮੋੜ ਦਿੱਤਾ ਸੀ।ਕਾਮਾਗਾਟਾ ਮਾਰੂ ਦੇ ਸੰਘਰਸ਼ ਵਿਚ ਅਮਰੀਕਾ ਦੇ ਗਦਰੀ ਹਰ ਸੰਭਵ ਤ੍ਰੀਕੇ ਨਾਲ਼ ਕਨੇਡਾ ਦੇ ਗਦਰੀਆਂ ਦੀ ਮਦਦ ਕਰਦੇ ਰਹੇ ਸਨ। ਕਨੇਡੀਅਨ ਸਰਕਾਰ ਵਲੋਂ ਉਨ੍ਹਾਂ ਨਾਲ਼ ਹੋਏ ਅਣਮਨੁੱਖੀ ਵਰਤਾਉ ਕਾਰਨ ਤੇ ਗਦਰ ਪਾਰਟੀ ਵਲੋਂ ਭੇਜੇ ਸਾਹਿਤ ਨੂੰ ਪੜ੍ਹਕੇ ਕਾਮਾਗਾਟਾ ਮਾਰੂ ਦੇ ਮੁਸਾਫਰ ਅੰਗਰੇਜ਼ੀ ਰਾਜ ਨੂੰ ਨਫਰਤ ਕਰਨ ਲੱਗੇ ਸਨ ਤੇ ਉਹ ਗਦਰ ਪਾਰਟੀ ਦੇ ਪ੍ਰੋਗਰਾਮ ਨਾਲ਼ ਸਹਿਮਤੀ ਰੱਖਣ ਲੱਗੇ ਸਨ। ਗਦਰ ਪਾਰਟੀ ਵਲੋਂ ਲੱਗੀ ਡਿਊਟੀ ਅਨੁਸਾਰ ਸੋਹਣ ਸਿੰਘ ਭਕਨਾ 21 ਜੁਲਾਈ, 1914 ਨੂੰ ਸਾਨਫਰਾਂਸਿਸਕੋ ਤੋਂ ਪਿਸਤੌਲਾਂ ਤੇ ਅਸਲੇ ਦੀਆਂ ਪੇਟੀਆਂ ਲੈ ਕੇ ਜਹਾਜ਼ੇ ਚੜ੍ਹਿਆ। ਜਾਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜ ਕੇ ਭਕਨੇ ਨੇ ਹਥਿਆਰਾਂ ਤੇ ਅਸਲੇ ਦੀਆਂ ਇਹ ਪੇਟੀਆਂ ਕਾਮਾਗਾਟਾ ਮਾਰੂ ‘ਤੇ ਪਹੁੰਚਾ ਦਿੱਤੀਆਂ।

ਇਸ ਸਮੇਂ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਚੁੱਕਾ ਸੀ। ਭਕਨਾ 14 ਅਕਤੂਬਰ 1914 ਨੂੰ ਨਾਮਸੰਗ ਨਾਂ ਦੇ ਜਹਾਜ਼ ਰਾਹੀਂ ਕਲਕੱਤੇ ਪੁੱਜਾ। ਪੁਲ਼ਸ ਨੇ ਭਕਨੇ ਨੂੰ ਜਹਾਜ਼ ਤੋਂ ਹੀ ਗ੍ਰਿਫਤਾਰ ਕਰ ਲਿਆ ਤੇ ਪੰਜਾਬ ਲੈ ਜਾ ਕੇ ਮੁਲਤਾਨ ਜੇਲ੍ਹ ‘ਚ ਬੰਦ ਕਰ ਦਿੱਤਾ। ਭਕਨੇ ਤੋਂ ਭੇਤ ਲੈਣ ਲਈ ਪੁਲ਼ਸ ਨੇ ਉਸ ਨੂੰ ਕਈ ਤਰ੍ਹਾਂ ਦੇ ਲਾਲਚ ਤੇ ਡਰਾਵੇ ਦਿੱਤੇ। ਪਰ ਪੁਲ਼ਸ ਭਕਨੇ ਤੋਂ ਕੋਈ ਵੀ ਭੇਤ ਲੈਣ ਵਿਚ ਕਾਮਯਾਬ ਨਾ ਹੋ ਸਕੀ। ਬਾਵਜੂਦ ਇਸ ਗੱਲ ਦੇ ਕਿ ਭਕਨੇ ਨੂੰ ਕਲਕੱਤੇ ਜਹਾਜ਼ ਤੋਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਫੇਰ ਵੀ ਲਾਹੌਰ ਕਾਂਸਪੀਰੇਸੀ ਕੇਸ ਵਿਚ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਜੋ ਬਾਅਦ ਵਿਚ ਵਾਇਸਰਾਏ ਲਾਰਡ ਹਾਰਡਿੰਗ ਨੇ ਬਦਨਾਮੀ ਡਰੋਂ ਉਮਰ-ਕੈਦ ਵਿਚ ਬਦਲ ਦਿੱਤੀ।

10 ਦਸੰਬਰ, 1915 ਨੂੰ ਭਕਨੇ ਨੂੰ ਪੰਜਾਬ ਤੋਂ ਲੈ ਜਾ ਕੇ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਸੈਲੂਲਰ ਜੇਲ੍ਹ ਵਿਚ ਕੈਦੀਆਂ ਉੱਤੇ ਅਣਮਨੁੱਖੀ ਜਬਰ ਢਾਹਿਆ ਜਾਂਦਾ ਸੀ। ਉਨ੍ਹਾਂ ਤੋਂ ਕੋਹਲੂ ਰਾਹੀਂ 30 ਪੌਂਡ ਤੇਲ ਕੱਢਣ ਵਰਗੀ ਸਖਤ ਮੁਸ਼ੱਕਤ ਕਰਵਾਈ ਜਾਂਦੀ ਸੀ। ਮੁਸ਼ੱਕਤ ਪੂਰੀ ਨਾ ਹੋਣ ‘ਤੇ ਕੈਦੀਆਂ ਨੂੰ ਬੜੀਆਂ ਸਖਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਭਕਨੇ ਨੇ ਆਪਣੇ ਗਦਰੀ ਸਾਥੀਆਂ ਨਾਲ਼ ਰਲ਼ਕੇ ਇਸ ਜਬਰ ਵਿਰੁੱਧ ਸੰਘਰਸ਼ ਕੀਤਾ। ਉਨ੍ਹਾਂ ਕਈ ਵਾਰ ਭੁੱਖ ਹੜਤਾਲ਼ਾਂ ਕੀਤੀਆਂ। ਇਸ ਜਦੋ-ਜਹਿਦ ਵਿਚ ਸੈਲੂਲਰ ਜੇਲ੍ਹ ਅੰਦਰ ਭਕਨੇ ਦੇ 7 ਸਾਥੀ ਸ਼ਹੀਦ ਹੋਏ। ਅਗਸਤ 1921 ਵਿਚ ਭਕਨੇ ਨੂੰ ਅੰਡੇਮਾਨ ਤੋਂ ਹਿੰਦੁਸਤਾਨ ਲਿਆਂਦਾ ਗਿਆ ਜਿੱਥੇ ਉਨ੍ਹਾਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਇੱਥੇ ਵੀ ਭਕਨੇ ਹੁਰਾਂ ਜੇਲ੍ਹਾਂ ਦੀਆਂ ਮਾੜੀਆਂ ਹਾਲਤਾਂ ਵਿਰੁੱਧ ਭੁੱਖ-ਹੜਤਾਲ਼ਾਂ ਕੀਤੀਆਂ। ਬੰਬਈ ਸੂਬੇ ਦੀ ਯਰਵਦਾ ਜੇਲ੍ਹ ਵਿਚ ਭਕਨੇ ਹੁਰਾਂ ਦੇ ਕੱਛੇ ਤੇ ਪੱਗਾਂ ਲੁਹਾ ਲਈਆਂ ਗਈਆਂ ਤੇ ਉਨ੍ਹਾਂ ਨੂੰ ਪਹਿਨਣ ਲਈ ਨਿੱਕਰਾਂ ਤੇ ਟੋਪੀਆਂ ਦਿੱਤੀਆਂ ਗਈਆਂ। ਭਕਨੇ ਹੁਰਾਂ ਆਪਣੇ ਧਾਰਮਿਕ ਹੱਕਾਂ ਲਈ ਭੁੱਖ-ਹੜਤਾਲ਼ ਕਰ ਦਿੱਤੀ। ਹਿੰਦੂ ਪਿਛੋਕੜ ਵਾਲ਼ੇ ਗਦਰੀ, ਪਰਮਾਨੰਦ ਝਾਂਸੀ ਤੇ ਹਿਰਦੇ ਰਾਮ ਵੀ ਭਕਨੇ ਹੁਰਾਂ ਦੇ ਹੱਕ ਵਿਚ ਇਸ ਭੁੱਖ-ਹੜਤਾਲ਼ ਵਿਚ ਸ਼ਾਮਲ ਹੋਏ। ਉਨ੍ਹੀਂ ਦਿਨੀ ਗਾਂਧੀ ਜੀ ਵੀ ਯਰਵਦਾ ਜੇਲ੍ਹ ਵਿਚ ਸਨ। ਗਾਂਧੀ ਜੀ ਨੇ ਭਕਨੇ ਹੁਰਾਂ ਨਾਲ਼ ਕਿਸੇ ਕਿਸਮ ਦੀ ਹਮਦਰਦੀ ਨਾ ਵਿਖਾਈ ਸਗੋਂ ਕਿਸੇ ਦੇ ਪੁੱਛਣ ਤੇ ਇਹ ਆਖਿਆ, “ਯੇਹ ਉਨਕਾ ਧਾਰਮਿਕ ਮੁਆਮਲਾ ਥਾ।”[30]

ਵੱਖ ਵੱਖ ਜੇਲ੍ਹਾਂ ਵਿਚ ਸੋਲ਼ਾਂ ਸਾਲ ਗੁਜ਼ਾਰਨ ਬਾਅਦ ਭਕਨਾ 1930 ਵਿਚ ਜੇਲ੍ਹ ‘ਚੋਂ ਰਿਹਾ ਹੋਇਆ। ਬਾਹਰ ਆ ਕੇ ਵੀ ਭਕਨਾ ਅਗਾਂਹ-ਵਧੂ ਧਿਰਾਂ ਨਾਲ਼ ਰਲ਼ਕੇ ਦੇਸ ਦੀ ਆਜ਼ਾਦੀ ਤੇ ਕਿਰਤੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕਰਦੇ ਰਹੇ। ਅੰਗਰੇਜ਼ ਸਰਕਾਰ ਨੇ ਫੇਰ ਆਪ ਨੂੰ ਕਈ ਵਾਰ ਜੇਲ੍ਹ ‘ਚ ਬੰਦ ਕੀਤਾ। ਅੰਗਰੇਜ਼ਾਂ ਦੇ ਚਲੇ ਜਾਣ ਪਿੱਛੋਂ ਭਾਰਤ ਦੀ

---

[30] ਪ੍ਰੇਮ ਸਿੰਘ ਬਜਾਜ, *ਦੋ ਪੈੜਾਂ ਇਤਿਹਾਸ ਦੀਆਂ*, ਪੰਨਾ 69.

ਦੇਸੀ ਸਰਕਾਰ ਨੇ ਵੀ ਭਕਨੇ ਨੂੰ ਕਈ ਵਾਰ ਜੇਲ੍ਹ 'ਚ ਬੰਦ ਕੀਤਾ। ਭਕਨੇ ਦੇ 'ਕੁੱਬ' ਆਜ਼ਾਦ ਭਾਰਤ ਦੀ ਜੇਲ੍ਹ ਵਿਚ ਹੀ ਪਿਆ ਸੀ।

ਅਗਾਂਹਵਧੂ ਧਿਰਾਂ ਨਾਲ਼ ਰਲ਼ਕੇ ਭਕਨਾ ਗਦਰੀਆਂ ਦੇ ਸੁਪਨਿਆਂ ਵਾਲ਼ਾ ਨਿਜ਼ਾਮ ਸਿਰਜਣ ਲਈ ਸੰਘਰਸ਼ ਕਰਦਾ ਰਿਹਾ। ਉਨ੍ਹਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ ਸੀ। 16 ਨਵੰਬਰ, 1968 ਨੂੰ ਕਰਤਾਰ ਸਿੰਘ ਸਰਾਭੇ ਦਾ ਸ਼ਹੀਦੀ ਦਿਵਸ ਮਨਾਉਣ ਲਈ ਉਹ ਸਰਾਭੇ ਚਲੇ ਗਏ। ਵਾਪਸ ਆਉਂਦਿਆਂ ਆਪ ਨੂੰ ਨਮੋਨੀਆਂ ਹੋ ਗਿਆ। ਨਮੋਨੀਏ ਦੀ ਇਸ ਬਿਮਾਰੀ ਨਾਲ਼ 20 ਦਸੰਬਰ, 1968 ਨੂੰ ਅਮਰੀਕਾ ਦੇ ਇਸ ਮਹਾਨ ਗਦਰੀ ਯੋਧੇ ਦਾ ਦਿਹਾਂਤ ਹੋ ਗਿਆ।

**ਸ਼ਹੀਦ ਕਰਤਾਰ ਸਿੰਘ ਸਰਾਭਾ** ਅਮਰੀਕਾ ਦਾ ਇਕ ਹੋਰ ਮਹਾਨ ਗਦਰੀ ਸੀ ਜੋ ਬਹੁਤ ਹੀ ਛੋਟੀ ਉਮਰੇ ਸ਼ਹੀਦੀ ਪਾ ਗਿਆ। ਕਰਤਾਰ ਸਿੰਘ ਸਰਾਭੇ ਦਾ ਜਨਮ 1896 ਈਸਵੀ ਨੂੰ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਸਰਾਭੇ 'ਚ ਹੋਇਆ ਸੀ। ਦਸਵੀਂ ਪਾਸ ਕਰਕੇ 16 ਸਾਲ ਦੀ ਛੋਟੀ ਉਮਰੇ 1912 'ਚ ਕਰਤਾਰ ਸਿੰਘ ਅਮਰੀਕਾ ਪੜ੍ਹਨ ਆ ਗਿਆ। ਇੱਥੇ ਉਹ ਸਾਨ ਫਰਾਂਸਿਸਕੋ ਨੇੜੇ ਬਰਕਲੇ ਯੂਨੀਵਰਸਿਟੀ 'ਚ ਪੜ੍ਹਦੇ ਸਨ। ਅਮਰੀਕਾ ਦੇ ਆਜ਼ਾਦ ਮਾਹੌਲ ਕਾਰਨ ਤੇ ਹਿੰਦੁਸਤਾਨੀਆਂ ਨਾਲ ਹੁੰਦੇ ਭੈੜੇ ਵਰਤਾਉ ਕਾਰਨ ਕਰਤਾਰ ਸਿੰਘ ਨੂੰ ਹਿੰਦੁਸਤਾਨ ਦੀ ਗੁਲਾਮੀ ਸਤਾਉਣ ਲੱਗੀ। ਅਪ੍ਰੈਲ, 1913 'ਚ ਗਦਰ ਪਾਰਟੀ ਦੀ ਸਥਾਪਨਾ ਹੋਈ ਤਾਂ ਕਰਤਾਰ ਸਿੰਘ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਨੇ 1, ਨਵੰਬਰ, 1913 ਤੋਂ ਉਰਦੂ ਵਿਚ 'ਗਦਰ' ਅਖਬਾਰ ਕੱਢਣਾ ਸ਼ੁਰੂ ਕੀਤਾ ਤਾਂ ਕਰਤਾਰ ਸਿੰਘ ਸਾਨ ਫਰਾਂਸਿਸਕੋ ਜਾ ਕੇ ਗਦਰ ਆਸ਼ਰਮ ਵਿਚ ਰਹਿਣ ਲੱਗੇ। ਉਹ ਛਾਪੇਖਾਨੇ ਵਿਚ ਮਦਦ ਕਰਾਇਆ ਕਰਦੇ ਸਨ। ਦਸੰਬਰ, 1913 ਤੋਂ ਗਦਰ ਪਾਰਟੀ ਪੰਜਾਬੀ ਵਿਚ 'ਗਦਰ' ਅਖਬਾਰ ਕੱਢਣ ਲੱਗੀ। ਲਾਲਾ ਹਰਦਿਆਲ ਜਾਂ ਦੂਸਰੇ ਲਿਖਾਰੀਆਂ ਦੇ ਉਰਦੂ ਵਿਚ ਲਿਖੇ ਲੇਖਾਂ ਨੂੰ ਕਰਤਾਰ ਸਿੰਘ ਪੰਜਾਬੀ ਵਿਚ ਅਨੁਵਾਦ ਕਰਕੇ ਗਦਰ ਅਖਬਾਰ ਵਿਚ ਛਾਪਿਆ ਕਰਦੇ ਸਨ।

4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ 'ਤੇ, ਗਦਰ ਪਾਰਟੀ ਵੱਲੋਂ ਦੇਸ਼ ਜਾ ਕੇ ਗਦਰ ਮਚਾਉਣ ਲਈ ਸੱਦਾ ਦੇ ਦਿੱਤਾ ਗਿਆ। ਪਰ ਕਰਤਾਰ ਸਿੰਘ ਸਰਾਭਾ ਇਸ ਸੱਦੇ ਤੋਂ ਪਹਿਲਾਂ ਹੀ 'ਨਿਪਨ ਮਾਰੂ' ਜਹਾਜ਼ ਰਾਹੀਂ ਹਿੰਦੁਸਤਾਨ ਨੂੰ ਰਵਾਨਾ ਹੋ ਗਿਆ। ਉਹ ਕੋਲੰਬੂ ਰਾਹੀਂ ਹੁੰਦੇ ਹੋਏ ਸਤੰਬਰ ਦੇ ਤੀਸਰੇ ਹਫਤੇ ਹਿੰਦੁਸਤਾਨ ਪੁੱਜਣ ਵਿਚ ਕਾਮਯਾਬ ਹੋ ਗਏ। ਪਰ ਬਾਅਦ ਵਿਚ ਪਹੁੰਚਣ ਵਾਲ਼ੇ ਸੋਹਣ ਸਿੰਘ ਭਕਨੇ ਵਰਗੇ ਵੱਡੇ ਵੱਡੇ ਲੀਡਰ ਜਹਾਜ਼ਾਂ ਤੋਂ ਹੀ ਗ੍ਰਿਫਤਾਰ ਕਰ ਲਏ ਗਏ ਜਿਸ ਨਾਲ਼ ਪਹਿਲਾਂ ਬਣਾਈ ਜਥੇਬੰਦੀ ਦਾ ਢਾਂਚਾ ਟੁੱਟ ਗਿਆ। ਬਾਹਰ ਬਚੇ ਗਦਰੀਆਂ 'ਚੋਂ ਗਦਰ ਦੀ ਅਗਵਾਈ ਲਈ ਕਰਤਾਰ ਸਿੰਘ ਸਰਾਭਾ ਹੀ ਸਭ ਤੋਂ ਯੋਗ ਵਿਅਕਤੀ ਸੀ। ਸਰਾਭੇ ਨੇ ਆਪਣੇ ਸਾਥੀਆਂ ਨਾਲ਼ ਰਲ਼ਕੇ ਨਵੇਂ ਸਿਰਿਉਂ ਜਥੇਬੰਦੀ ਖੜ੍ਹੀ ਕੀਤੀ।

ਹਿੰਦੁਸਤਾਨ ਜਾਣ ਵਾਲ਼ੇ ਗਦਰੀਆਂ ਨੂੰ ਭਰੋਸਾ ਦਵਾਇਆ ਗਿਆ ਸੀ ਕਿ ਦੇਸ਼ ਪਹੁੰਚਣ 'ਤੇ ਉਨ੍ਹਾਂ ਨੂੰ ਹਥਿਆਰ ਪੁੱਜਦੇ ਕੀਤੇ ਜਾਣਗੇ। ਪਰ ਬਾਹਰੋਂ ਹਥਿਆਰ ਨਾ ਪੁੱਜੇ। ਹਥਿਆਰ ਖਰੀਦਣ ਲਈ ਪੈਸੇ ਦੀ ਲੋੜ ਸੀ। ਪੈਸੇ ਦੀ ਘਾਟ ਪੂਰੀ ਕਰਨ ਲਈ ਕਰਤਾਰ ਸਿੰਘ ਨੇ ਮਜਬੂਰੀ ਵੱਸ ਪਾਰਟੀ ਨੂੰ ਸਿਆਸੀ ਡਾਕੇ ਮਾਰਨ ਦੀ ਸਲਾਹ ਦਿੱਤੀ। ਸਰਾਭੇ ਦੀ ਅਗਵਾਈ ਥੱਲੇ ਪਾਰਟੀ ਨੇ ਕਈ ਥਾਵਾਂ 'ਤੇ ਡਾਕੇ ਮਾਰੇ। ਪਰ ਇਨ੍ਹਾਂ ਡਾਕਿਆਂ ਕਾਰਨ ਲੋਕਾਂ ਵਿਚ ਗਦਰੀਆਂ ਦਾ ਨਾਮ ਬਹੁਤ ਬਦਨਾਮ ਹੋਇਆ।

ਗਦਰ ਪਾਰਟੀ ਵਾਲਿਆਂ ਕੋਲ਼ ਤਜਰਬੇ ਦੀ ਬੜੀ ਘਾਟ ਸੀ। ਇਸ ਘਾਟ ਨੂੰ ਪੂਰਾ ਕਰਨ ਲਈ ਕਰਤਾਰ ਸਿੰਘ ਸਰਾਭੇ ਨੇ ਬੰਗਾਲੀ ਇਨਕਲਾਬੀਆਂ ਨਾਲ਼ ਰਾਬਤਾ ਕਾਇਮ ਕੀਤਾ। ਬੰਗਾਲੀ ਇਨਕਲਾਬੀ ਸਚਿੰਦਰ ਨਾਥ ਸਨਿਆਲ ਨੇ ਨਵੰਬਰ 1914 ਦੇ ਆਖਰ 'ਤੇ ਪੰਜਾਬ ਆ ਕੇ ਹਾਲਾਤ ਦਾ ਜਾਇਜ਼ਾ ਲਿਆ। ਗਦਰ ਪਾਰਟੀ ਕੋਲ਼ ਹੁਣ ਤੱਕ ਆਪਣਾ ਕੋਈ ਹੈੱਡਕੁਆਟਰ ਵੀ ਨਹੀਂ ਸੀ। ਸਨਿਆਲ ਦੀ ਸਲਾਹ ਨਾਲ਼ ਲਾਹੌਰ ਵਿਚ ਗਦਰ ਪਾਰਟੀ ਦਾ ਹੈੱਡਕੁਆਟਰ ਕਾਇਮ ਕਰ ਲਿਆ ਗਿਆ। ਪ੍ਰਸਿੱਧ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ ਨੇ 1915 ਦੀ ਜਨਵਰੀ ਦੇ ਆਖਰ 'ਤੇ

ਪੰਜਾਬ ਪਹੁੰਚ ਕੇ ਗਦਰ ਪਾਰਟੀ ਦੀ ਕਮਾਂਡ ਸੰਭਾਲ ਲਈ। ਫਰਵਰੀ ਦੇ ਸ਼ੁਰੂ ਵਿਚ ਕਰਤਾਰ ਸਿੰਘ ਸਰਾਭਾ ਅਮਰੀਕਾ ਤੋਂ ਗਏ ਆਪਣੇ ਸਾਥੀ ਵਿਸ਼ਨੂੰ ਗਣੇਸ਼ ਪਿੰਗਲੇ ਨਾਲ਼ ਰਲ਼ਕੇ ਮੇਰਠ, ਆਗਰਾ, ਕਾਨਪੁਰ, ਅਲਾਹਾਬਾਦ, ਬਨਾਰਸ ਤੇ ਲਖਨਊ ਦੀਆਂ ਛਾਉਣੀਆਂ ਵਿਚ ਗਏ ਜਿੱਥੇ ਉਨ੍ਹਾਂ ਫੌਜੀਆਂ ਨੂੰ ਗਦਰ ਵਿਚ ਸ਼ਾਮਲ ਹੋਣ ਲਈ ਮਨਾਇਆ ।[31]

ਵੱਖ ਵੱਖ ਪਾਸਿਆਂ ਤੋਂ ਆਈਆਂ ਰਿਪੋਰਟਾਂ ਦੇ ਆਧਾਰ ‘ਤੇ ਸਰਾਭੇ ਤੇ ਇਸ ਦੇ ਸਾਥੀਆਂ ਨੇ ਫੈਸਲਾ ਕੀਤਾ ਕਿ 21 ਫਰਵਰੀ, 1915 ਨੂੰ ਗਦਰ ਮਚਾ ਦਿੱਤਾ ਜਾਵੇ। ਸਰਾਭੇ ਹੁਰਾਂ ਦੀ ਪਲੈਨ ਅਨੁਸਾਰ ਲਾਹੌਰ ਅਤੇ ਫੀਰੋਜ਼ਪੁਰ ਦੀਆਂ ਛਾਉਣੀਆਂ ‘ਤੇ ਹਮਲਾ ਕਰਕੇ ਮੈਗਜ਼ੀਨਾਂ ਦੀ ਰਾਖੀ ਕਰ ਰਹੇ ਗੋਰੇ ਫੌਜੀਆਂ ਨੂੰ ਕਾਬੂ ਕੀਤਾ ਜਾਣਾ ਸੀ ਤੇ ਫੇਰ ਨਾਲ਼ ਰਲ਼ੇ ਹੋਏ ਹਿੰਦੁਸਤਾਨੀ ਫੌਜੀਆਂ ਦੀ ਮਦਦ ਨਾਲ਼ ਇਕ ਕੌਮੀ ਗਦਰੀ ਫੌਜ ਬਣ ਜਾਣੀ ਸੀ। ਇਸ ਤੋਂ ਬਾਅਦ ਦੇਸ਼ ਦੀਆਂ ਹੋਰ ਫੌਜੀ ਛਾਉਣੀਆਂ ‘ਚ ਗਦਰੀਆਂ ਨਾਲ਼ ਰਲ਼ੀਆਂ ਹੋਈਆਂ ਦੇਸੀ ਫੋਜਾਂ ਲਈ ਗਦਰ ਕਰਨਾ ਤੇ ਗਦਰੀ ਫੋਜਾਂ ਨਾਲ਼ ਮਿਲ਼ਨਾ ਸੌਖਾ ਹੋ ਜਾਣਾ ਸੀ। ਫੇਰ ਇਸ ਗਦਰੀ ਫੌਜ ਤੇ ਗਦਰ ਦੇ ਜ਼ੋਰ ਸਾਰੇ ਹਿੰਦੁਸਤਾਨ ‘ਚੋਂ ਗੋਰਿਆਂ ਦਾ ਸਫਾਇਆ ਕਰ ਦਿੱਤਾ ਜਾਣਾ ਸੀ। ਮੁਖਬਰ ਕਿਰਪਾਲ ਸਿੰਘ ਵੱਲੋਂ ਭੇਦ ਖੋਲ੍ਹ ਦਿੱਤੇ ਜਾਣ ਕਾਰਨ ਗਦਰੀਆਂ ਨੇ ਗਦਰ ਦੀ ਤ੍ਰੀਕ 21 ਫਰਵਰੀ ਤੋਂ 19 ਫਰਵਰੀ ਕਰ ਲਈ। ਸਰਕਾਰ ਨੂੰ ਇਸ ਤ੍ਰੀਕ ਦਾ ਵੀ ਪਤਾ ਲੱਗ ਗਿਆ। 19 ਤ੍ਰੀਕ ਦੀ ਸ਼ਾਮ ਨੂੰ ਕਰਤਾਰ ਸਿੰਘ ਸਰਾਭਾ ਆਪਣੇ ਗਦਰੀ ਸਾਥੀਆਂ ਨਾਲ਼ ਗਦਰ ਮਚਾਉਣ ਲਈ ਫਿਰੋਜ਼ਪੁਰ ਛਾਉਣੀ ਪਹੁੰਚਾ। ਪਰ ਗਦਰੀਆਂ ਦੇ ਹਮਦਰਦ ਫੌਜੀ ਜਾਂ ਤਾਂ ਫੌਜ ‘ਚੋਂ ਕੱਢ ਕੇ ਘਰਾਂ ਨੂੰ ਤੋਰ ਦਿੱਤੇ ਗਏ ਸਨ ਜਾਂ ਉਨ੍ਹਾਂ ਉੱਤੇ ਕਰੜੀ ਨਜ਼ਰ ਰੱਖੀ ਜਾ ਰਹੀ ਸੀ ਤੇ ਮੈਗਜ਼ੀਨਾਂ ਦੀ ਰਾਖੀ ਲਈ ਗੋਰੇ ਫੌਜੀ ਪਹਿਰੇ ‘ਤੇ ਖੜ੍ਹੇ ਸਨ। ਲਾਹੌਰ ਦੀ ਫੌਜੀ ਛਾਉਣੀ ਵਿਚ ਵੀ ਦੇਸੀ ਫੌਜਾਂ ਨੂੰ ਬੇਹਥਿਆਰੇ ਕਰ ਦਿੱਤਾ ਗਿਆ ਸੀ।

ਭੇਦ ਖੁੱਲ੍ਹ ਜਾਣ ਕਰਕੇ ਗਦਰ ਕਾਮਯਾਬ ਨਾ ਹੋ ਸਕਿਆ। ਗਦਰੀਆਂ ਦੀ ਫੜੋ-ਫੜੀ ਸ਼ੁਰੂ ਹੋ ਗਈ। ਕਰਤਾਰ ਸਿੰਘ ਸਰਾਭਾ ਲਾਹੌਰ ‘ਚੋਂ ਬਚਕੇ ਨਿਕਲ਼ਨ ਵਿਚ ਕਾਮਯਾਬ ਹੋ ਗਿਆ ਪਰ 2 ਮਾਰਚ, 1915 ਵਾਲ਼ੇ ਦਿਨ ਆਪਣੇ ਸਾਥੀ ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਸੁਰਸਿੰਘ ਸਮੇਤ ਸਰਗੋਧੇ ਨੇੜੇ ਚੱਕ ਨੰਬਰ ਪੰਜ ਦੇ ਇਕ ਮਕਾਨ ‘ਚੋਂ ਪਕੜੇ ਗਏ। ਆਪਣੀ ਗ੍ਰਿਫਤਾਰੀ ਵੇਲੇ ਕਰਤਾਰ ਸਿੰਘ ਸਰਾਭਾ ਉਸ ਮਕਾਨ ਦੇ ਅਹਾਤੇ ਅੰਦਰ ਮੰਜੇ ਉੱਤੇ ਬੈਠਾ ਆਪਣੇ ਆਲ਼ੇ-ਦੁਆਲ਼ੇ ਇਕੱਠੇ ਹੋਏ ਲੋਕਾਂ ਨੂੰ ‘ਗਦਰ ਦੀ ਗੂੰਜ’ ‘ਚੋਂ ਕਵਿਤਾਵਾਂ ਸੁਣਾ ਰਿਹਾ ਸੀ। ਸਰਾਭੇ ਹੁਰਾਂ ਨੂੰ ਗ੍ਰਿਫਤਾਰ ਕਰਨ ਵਾਲੇ ਪੁਲਸ ਸਬ-ਇੰਸਪੈਕਟਰ ਸਦਰ ਦੀਨ ਮੁਤਾਬਕ ਗ੍ਰਿਫਤਾਰੀ ਵੇਲ਼ੇ ਇਨ੍ਹਾਂ ਨੇ ਲੋਕਾਂ ਨੂੰ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕਣੇ ਚਾਹੀਦੇ ਹਨ।[32]

ਜੰਗ ਦਾ ਸਮਾਂ ਹੋਣ ਕਰਕੇ ਸਰਕਾਰ ਫੌਜੀ ਭਰਤੀ ਦੇ ਗੜ੍ਹ ਵਾਲ਼ੇ ਸੂਬੇ ਪੰਜਾਬ ਵਿਚ ਸਿੱਖਾਂ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦੀ। ਇਸ ਲਈ ਗਦਰ ਲਹਿਰ ਨੂੰ ਕੁਚਲਨ ਲੱਗਿਆਂ, ਸਿੱਖਾਂ ਦੀ ਅੰਗਰੇਜ਼ਾਂ ਲਈ ਵਫਾਦਾਰੀ ਬਣਾਈ ਰੱਖਣ ਲਈ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਉਡਵਾਇਰ ਨੇ 27 ਫਰਵਰੀ, 1915 ਨੂੰ ‘ਗਵਰਨਮੈਂਟ ਹਾਊਸ ਲਾਹੌਰ’ ਵਿਚ ਸਿੱਖ ਸਰਦਾਰਾਂ ਦੀ ਮੀਟਿੰਗ ਸੱਦੀ। ਇਸ ਮੀਟਿੰਗ ਵਿਚ ਉਡਵਾਇਰ ਨੇ ਗਦਰ ਲਹਿਰ ਨੂੰ ਸਖਤੀ ਨਾਲ਼ ਦਬਾਉਣ ਲਈ ਸਿੱਖ ਸਰਦਾਰਾਂ ਤੋਂ ਮਦਦ ਮੰਗੀ। ਸਿੱਖ ਸਰਦਾਰਾਂ ਨੇ ਇਕ ਦੂਜੇ ਤੋਂ ਅੱਗੇ ਹੋ ਹੋ, ਉਡਵਾਇਰ ਨੂੰ ਭਰੋਸਾ ਦੁਆਇਆ ਕਿ ਅੰਗਰੇਜ਼ ਰਾਜ ਦੀ ਸੇਵਾ ਕਰਨੀ ਉਹ ਆਪਣੀ ਖੁਸ਼ਕਿਸਮਤੀ ਸਮਝਦੇ ਹਨ। ਉਨ੍ਹਾਂ ਉਡਵਾਇਰ ਨੂੰ ਯਕੀਨ ਦੁਆਇਆ ਕਿ ਕਿ ਉਹ ਅੰਗਰੇਜ਼ ਸਰਕਾਰ ਨੂੰ ਸਹਿਯੋਗ ਦੇਣਗੇ ਤੇ ਗਦਰੀਆਂ ਨੂੰ ਪਕੜਾਉਣ ਲਈ ਆਪਣਾ ਅਸਰ-ਰਸੂਖ ਵਰਤਣਗੇ। ਗਦਰੀਆਂ ਨਾਲ਼ ਨਿਪਟਣ ਲਈ ਸਿੱਖ ਸਰਦਾਰ ਉਡਵਾਇਰ ਨਾਲ਼ੋਂ ਵੀ ਜ਼ਿਆਦਾ ਸਖਤੀ

---

[31] Lahore Conspiracy Case, Judgement, September 13, 1915, Individual case of Kartar Singh, accused no. 39.

[32] Lahore Conspiracy Case Judgement, September 13, 1915, Part 3, *The History of the Conspiracy and War*, p. 107.

ਕਰਨ ਦੇ ਹੱਕ ਵਿਚ ਸਨ। ਵਿਦੇਸ਼ਾਂ ਤੋਂ ਹੁਣ ਤੱਕ ਆਏ 3200 ਬੰਦਿਆਂ 'ਚੋਂ ਸਰਕਾਰ ਨੇ 200 ਬੰਦੇ ਜੇਲ੍ਹਾਂ ਵਿਚ ਅਤੇ 700 ਬੰਦੇ ਪਿੰਡਾਂ ਵਿਚ ਜੂਹਬੰਦ ਕੀਤੇ ਸਨ ਪਰ ਸਿੱਖ ਸਰਦਾਰਾਂ ਨੇ ਉਡਵਾਇਰ ਨੂੰ ਸਲਾਹ ਦਿੱਤੀ ਕਿ ਵਿਦੇਸ਼ਾਂ ਤੋਂ ਆਏ ਸਾਰੇ ਦੇ ਸਾਰੇ ਬੰਦੇ ਅਰਥਾਤ 3200 ਬੰਦੇ ਹੀ ਜੇਲ੍ਹਾਂ 'ਚ ਬੰਦ ਕਰ ਦੇਣੇ ਚਾਹੀਦੇ ਹਨ।[33]

ਸਰਦਾਰ ਬਹਾਦਰ ਗੱਜਣ ਸਿੰਘ ਗਰੇਵਾਲ ਨੇ, ਜਿਹੜੇ ਕਿ ਪ੍ਰੋਵਿੰਸ਼ੀਅਲ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਅਤੇ ਖੁਦ ਵਕੀਲ ਸਨ, ਉਡਵਾਇਰ ਨੂੰ ਸਲਾਹ ਦਿੱਤੀ ਕਿ ਕਿ ਗਦਰੀਆਂ ਨਾਲ਼ ਨਜਿਠਣ 'ਚ ਢਿੱਲ ਕਰਨ ਦਾ ਲੋਕਾਂ 'ਤੇ ਭੈੜਾ ਅਸਰ ਪਵੇਗਾ। ਇਸ ਲਈ ਗਦਰੀਆਂ ਵਿਰੁੱਧ ਆਮ ਅਦਾਲਤਾਂ 'ਚ ਮੁਕੱਦਮੇ ਚਲਾਉਣ ਦੀ ਥਾਂ 'ਸਮਰੀ ਟਰਾਇਲ' ਹੋਣੇ ਚਾਹੀਦੇ ਹਨ।[34] ਬਾਕੀ ਸਿੱਖ ਸਰਦਾਰਾਂ ਨੇ ਗੱਜਣ ਸਿੰਘ ਦੀ ਗੱਲ ਦੀ ਪਰੋੜ੍ਹਤਾ ਕੀਤੀ।

ਸਿੱਖ ਸਰਦਾਰਾਂ ਰਾਹੀਂ ਸਿੱਖਾਂ ਦੀ ਵਫਾਦਾਰੀ ਯਕੀਨੀ ਬਣਾ ਕੇ ਉਡਵਾਇਰ ਨੇ ਗਦਰੀਆਂ ਪ੍ਰਤੀ ਹੋਰ ਵੀ ਸਖਤ ਪਾਲਸੀ ਅਪਣਾਈ। ਗੱਜਣ ਸਿੰਘ ਦੀ ਦਲੀਲ ਵਰਤ ਕੇ ਉਡਵਾਇਰ ਨੇ ਵਾਇਸਰਾਏ ਲਾਰਡ ਹਾਰਡਿੰਗ ਕੋਲ਼ੋਂ 'ਡੀਫੈਂਸ ਆਫ ਇੰਡੀਆ ਐਕਟ' ਪਾਸ ਕਰਵਾ ਲਿਆ। ਗਦਰੀਆਂ ਨੂੰ ਕੁਚਲਨ ਲਈ ਉਡਵਾਇਰ ਕੋਲ਼ ਹੁਣ ਤਾਨਾਸ਼ਾਹੀ ਸ਼ਕਤੀਆਂ ਸਨ। ਕਰਤਾਰ ਸਿੰਘ ਸਰਾਭਾ ਤੇ ਹੁਣ ਤੱਕ ਫੜੇ ਬਾਕੀ ਸਭ ਗਦਰੀ ਲਾਹੌਰ ਸੈਂਟਰਲ ਜੇਲ੍ਹ 'ਚ ਇਕੱਠੇ ਕੀਤੇ ਗਏ। 'ਡੀਫੈਂਸ ਆਫ ਇੰਡੀਆ ਐਕਟ' ਅਧੀਨ 82 ਗਦਰੀਆਂ ਉੱਤੇ ਮੁਕੱਦਮਾ ਚਲਾਇਆ ਗਿਆ। 'ਲਾਹੌਰ ਸਾਜ਼ਿਸ਼ ਕੇਸ' ਨਾਂ ਦਾ ਇਹ ਬਦਨਾਮ ਮੁਕੱਦਮਾ ਲਾਹੌਰ ਸੈਂਟਰਲ ਜੇਲ੍ਹ ਵਿਚ 26 ਅਪ੍ਰੈਲ, 1915 ਤੋਂ 13 ਸਤੰਬਰ, 1915 ਤੱਕ ਚੱਲਿਆ।

ਇਸ ਮੁਕੱਦਮੇ ਲਈ ਸਪੈਸ਼ਲ ਬੰਦੋਬਸਤ ਕੀਤੇ ਗਏ ਸਨ। ਜੇਲ੍ਹ ਦੇ ਦਰਵਾਜ਼ੇ ਉੱਤੇ, ਜੇਲ੍ਹ ਦੇ ਅੰਦਰ ਵਿਹੜੇ ਵਿਚ ਅਤੇ ਛੱਤਾਂ ਉੱਤੇ ਪੁਲਸ ਦੇ ਸਪੈਸ਼ਲ ਗਾਰਡ ਬੰਦੂਕਾਂ ਤਾਣੀ ਖੜ੍ਹੇ ਸਨ। ਚਾਰੇ ਪਾਸੇ ਸੀ. ਆਈ. ਡੀ. ਦੇ ਬੰਦੇ ਘੁੰਮ ਰਹੇ ਸਨ। ਕੋਈ ਵੀ ਬੰਦਾ ਅੰਦਰ ਜਾ ਕੇ ਮੁਕੱਦਮੇ ਦੀ ਕਾਰਵਾਈ ਨਹੀਂ ਸੀ ਵੇਖ ਸਕਦਾ, ਜਿਨ੍ਹਾਂ ਉੱਤੇ ਮੁਕੱਦਮਾ ਚੱਲ ਰਿਹਾ ਸੀ ਉਨ੍ਹਾਂ ਦੇ ਰਿਸ਼ਤੇਦਾਰ ਵੀ ਨਹੀਂ। ਪ੍ਰੈੱਸ ਵਾਲ਼ੇ ਮੁਕੱਦਮੇ ਦੀ ਕਾਰਵਾਈ ਬਾਰੇ ਰਿਪੋਰਟ ਨਹੀਂ ਸੀ ਲਿਖ ਸਕਦੇ। ਜਿਹੜੀਆਂ ਰਿਪੋਰਟਾਂ ਅਖਬਾਰਾਂ ਵਿਚ ਛਪਦੀਆਂ ਸਨ, ਉਹ ਸਰਕਾਰੀ ਰਿਪੋਰਟਾਂ ਹੀ ਹੁੰਦੀਆਂ ਸਨ।

ਮੁਕੱਦਮੇ ਦੀ ਸੁਣਵਾਈ ਸਰਕਾਰ ਵੱਲੋਂ ਨਾਮਜ਼ਦ ਕੀਤੇ ਤਿੰਨ ਜੱਜਾਂ ਦੇ ਸਪੈਸ਼ਲ ਟ੍ਰਿਬਿਊਨਲ ਕੋਲ਼ ਹੋ ਰਹੀ ਸੀ। 'ਡੀਫੈਂਸ ਆਫ ਇੰਡੀਆ ਐਕਟ' ਦੇ ਅਧੀਨ ਇਸ ਸਪੈਸ਼ਲ ਟ੍ਰਿਬਿਊਨਲ ਨੂੰ ਬੇਮੁਹਾਰੀਆਂ ਸ਼ਕਤੀਆਂ ਦਿੱਤੀਆਂ ਗਈਆਂ ਸਨ। ਟ੍ਰਿਬਿਊਨਲ ਦਾ ਫੈਸਲਾ ਹੀ ਆਖਰੀ ਫੈਸਲਾ ਹੋਣਾ ਸੀ। ਇਸ ਦੇ ਫੈਸਲੇ ਵਿਰੁੱਧ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਸੀ ਕੀਤੀ ਜਾ ਸਕਦੀ। ਕਿਸੇ ਵੀ 'ਅਥੌਰਟੀ' ਕੋਲ਼ ਕਾਨੂੰਨੀ ਅਧਿਕਾਰ ਨਹੀਂ ਸੀ ਕਿ ਉਹ ਟ੍ਰਿਬਿਊਨਲ ਵੱਲੋਂ ਦਿੱਤੇ ਫੈਸਲੇ ਦੀ ਮੁੜ ਜਾਂਚ ਕਰ ਸਕੇ; ਨਾ ਉਸ ਦੇ ਕਾਨੂੰਨੀ ਪੱਖ ਬਾਰੇ, ਨਾ ਤੱਥਾਂ ਬਾਰੇ ਅਤੇ ਨਾ ਹੀ ਸਜ਼ਾ ਦੇ ਵਾਜਬ ਜਾਂ ਨਾ-ਵਾਜਬ ਹੋਣ ਬਾਰੇ। ਸਿਰਫ ਵਾਇਸਰਾਏ ਲਾਰਡ ਹਾਰਡਿੰਗ ਕੋਲ਼ ਟ੍ਰਿਬਿਊਨਲ ਦੇ ਫੈਸਲਿਆਂ 'ਚ ਦਖਲ ਅੰਦਾਜ਼ੀ ਕਰਨ ਜਾਂ ਅਪੀਲ ਸੁਣਨ ਦਾ ਹੱਕ ਸੀ।

ਕਰਤਾਰ ਸਿੰਘ ਸਰਾਭੇ ਤੇ ਉਸਦੇ ਗਦਰੀ ਸਾਥੀਆਂ ਉੱਤੇ ਦੋਸ਼ ਸੀ ਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਬ੍ਰਤਾਨਵੀ ਹਕੂਮਤ ਦਾ ਤਖਤਾ ਉਲਟਾਉਣ ਦੀ ਸਾਜ਼ਿਸ਼ ਘੜੀ ਹੈ ਤੇ ਇਸ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਫੌਜ ਦੇ ਹਿੰਦੁਸਤਾਨੀ ਸਿਪਾਹੀਆਂ ਨੂੰ ਵਰਗਲਾਇਆ ਤੇ ਬਗਾਵਤ ਲਈ ਉਕਸਾਇਆ ਹੈ। ਉਨ੍ਹਾਂ ਉੱਤੇ ਇਹ ਵੀ ਦੋਸ਼ ਸੀ ਕਿ ਉਨ੍ਹਾਂ ਨੇ ਇਸ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਲਈ ਡਾਕੇ ਮਾਰ ਕੇ ਪੈਸੇ ਅਤੇ ਹਥਿਆਰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਹੈ, ਗਦਰੀ ਸਾਹਿਤ ਛਾਪਿਆ ਤੇ ਵੰਡਿਆ ਹੈ, ਉਨ੍ਹਾਂ ਦੇ ਰਾਹ 'ਚ ਅੜਿਕਾ ਬਣਨ ਵਾਲ਼ੇ ਪੁਲ਼ਸੀਆਂ ਜਾਂ ਦੂਜੇ ਅਫਸਰਾਂ ਦੇ ਕਤਲ ਕੀਤੇ ਹਨ ਅਤੇ ਰੇਲਵੇ ਲਾਈਨਾਂ ਅਤੇ ਪੁਲ਼ਾਂ ਨੂੰ ਉਡਾਉਣ ਦੇ ਯਤਨ ਕੀਤੇ ਹਨ।

---

[33] Sir Michael O'Dwyer, *India As I Knew It 1885-1925*, p. 204.

[34] Isemonger And Slattery, *An Account of the Ghadr Conspiracy 1913-15*, pp. 75-76

ਟ੍ਰਿਬਿਊਨਲ ਦੇ ਕਮਿਸ਼ਨਰਾਂ ਨੇ ਮੁਕੱਦਮੇ ਦਾ ਫੈਸਲਾ ਦਿੰਦਿਆਂ ਸਰਾਭੇ ਬਾਰੇ ਲਿਖਿਆ ਕਿ, "...ਆਪਣੀ ਛੋਟੀ ਉਮਰ ਦੇ ਬਾਵਜੂਦ ਇਹ ਇਨ੍ਹਾਂ ਇਕਾਹਠਾਂ ਵਿਚੋਂ ਸਭ ਤੋਂ ਅਹਿਮ ਮੁਲਜਮਾਂ 'ਚੋਂ ਇਕ ਹੈ ਅਤੇ ਇਹਦੇ ਗੁਨਾਹਾਂ ਦੀ ਫਾਇਲ ਸਭ ਤੋਂ ਵੱਡੀ ਹੈ। ਅਸਲ ਵਿਚ ਅਮਰੀਕਾ ਵਿਚ, ਦੇਸ਼ ਆਉਂਦਿਆਂ ਜਹਾਜ਼ ਉੱਤੇ ਜਾਂ ਹਿੰਦੁਸਤਾਨ ਅੰਦਰ ਇਸ ਸਾਜ਼ਿਸ਼ ਦਾ ਕੋਈ ਐਸਾ ਪੱਖ ਨਹੀਂ, ਜਿਸ ਵਿਚ ਇਸ ਮੁਲਜਮ ਨੇ ਹਿੱਸਾ ਨਾ ਲਿਆ ਹੋਵੇ।...ਇਸ ਨੇ ਮੰਨਿਆਂ ਹੈ ਕਿ 23 ਜਨਵਰੀ ਨੂੰ ਸਾਹਨੇਵਾਲ ਮਾਰੇ ਡਾਕੇ ਵਿਚ ਇਹ ਸ਼ਾਮਲ ਸੀ। ਇਸ ਨੇ ਸਵੀਕਾਰ ਕੀਤਾ ਹੈ ਕਿ ਅਮਰੀਕਾ ਵਿਚ ਇਹਦੇ ਲਾਲਾ ਹਰਦਿਆਲ ਨਾਲ਼ ਸੰਬੰਧ ਸਨ ਤੇ ਇਹ ਸਾਨਫਰਾਂਸਿਸਕੋ ਵਿਚਲੇ ਗਦਰ ਪ੍ਰੈੱਸ ਵਿਚ ਕੰਮ ਕਰਿਆ ਕਰਦਾ ਸੀ।" ਕਮਿਸ਼ਨਰਾਂ ਨੇ ਅੱਗੇ ਲਿਖਿਆ ਕਿ "ਇਹ ਛੋਟੀ ਉਮਰ ਦਾ ਨੌਜਵਾਨ ਹੈ ਪਰ ਇਹ ਸਭ ਤੋਂ ਖਤਰਨਾਕ ਸਾਜ਼ਸ਼ੀਆਂ ਚੋਂ ਇਕ ਹੈ ਜਿਸ 'ਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ"[35]

ਟ੍ਰਿਬਿਊਨਲ ਦੇ ਕਮਿਸ਼ਨਰਾਂ ਨੇ ਕਰਤਾਰ ਸਿੰਘ ਸਰਾਭੇ ਤੇ ਉਸ ਦੇ 23 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ। 27 ਗਦਰੀਆਂ ਨੂੰ ਉਮਰ ਕੈਦ ਅਤੇ 6 ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਹੋਈਆਂ। ਬਾਅਦ ਵਿਚ ਵਾਇਸਰਾਏ ਲਾਰਡ ਹਾਰਡਿੰਗ ਨੇ 17 ਗਦਰੀਆਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। ਪਰ ਕਰਤਾਰ ਸਿੰਘ ਸਰਾਭੇ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਗਈ। 16 ਨਵੰਬਰ 1915 ਵਾਲ਼ੇ ਦਿਨ ਕਰਤਾਰ ਸਿੰਘ ਸਰਾਭੇ ਨੂੰ ਉਸ ਦੇ 6 ਸਾਥੀਆਂ ਸਮੇਤ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਫਾਂਸੀ ਲਗਣ ਵਾਲਿਆਂ ਵਿਚ ਅਮਰੀਕਾ ਤੋਂ ਗਿਆ ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਵੈਨਕੂਵਰ ਦਾ ਮਸ਼ਹੂਰ ਗਦਰੀ ਜਗਤ ਸਿੰਘ ਸੁਰਸਿੰਘ ਵੀ ਸੀ।

ਬਹੁਤ ਸਾਰੇ ਇਤਿਹਾਸਕਾਰਾਂ ਨੇ, ਖਾਸ ਤੌਰ 'ਤੇ ਪੱਛਮੀ ਇਤਿਹਾਸਕਾਰਾਂ ਨੇ, ਲਾਲਾ ਹਰਦਿਆਲ ਨੂੰ ਲੋੜੋਂ ਵੱਧ ਅਹਿਮੀਅਤ ਦਿੱਤੀ ਹੈ। ਇਨ੍ਹਾਂ ਮੁਤਾਬਕ ਲਾਲਾ ਹਰਦਿਆਲ ਹੀ ਗਦਰ ਪਾਰਟੀ ਦੀ ਰੂਹ ਸੀ। ਪਰ ਮੈਂ ਇਸ ਵਿਚਾਰ ਨਾਲ਼ ਸਹਿਮਤ ਨਹੀਂ। ਗਦਰ ਪਾਰਟੀ ਕਿਸੇ ਇਕ ਬੰਦੇ ਨੇ ਨਹੀਂ ਸੀ ਬਣਾਈ। ਪੋਰਟਲੈਂਡ ਦੇ ਆਲ਼ੇ-ਦੁਆਲ਼ੇ ਮਿੱਲਾਂ 'ਚ ਕੰਮ ਕਰਦੇ ਹਿੰਦੁਸਤਾਨੀ ਕਾਮੇ, ਵੈਨਕੂਵਰ ਦੇ ਜੀ. ਡੀ. ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ ਤੇ ਬਾਬੂ ਤਾਰਕਨਾਥ ਦਾਸ ਵਰਗੇ ਗਦਰੀਆਂ ਦੇ ਪ੍ਰਚਾਰ ਸਦਕਾ ਪਹਿਲਾਂ ਹੀ ਸਿਆਸੀ ਤੌਰ 'ਤੇ ਜਾਗ੍ਰਿਤ ਸਨ। ਇਨ੍ਹਾਂ ਕਾਮਿਆਂ ਨੇ ਹੀ ਲਾਲਾ ਹਰਦਿਆਲ ਨੂੰ ਸਾਨਫਰਾਂਸਿਸਕੋ ਤੋਂ ਗਦਰ ਪਾਰਟੀ ਬਣਾਉਣ ਲਈ ਸੱਦਿਆ ਸੀ। ਲਾਲਾ ਹਰਦਿਆਲ 1913 ਦੇ ਮਾਰਚ ਮਹੀਨੇ ਦੇ ਆਖੀਰ ਵਿਚ ਪੋਰਟਲੈਂਡ ਏਰੀਏ 'ਚ ਪਹੁੰਚਾ ਸੀ। ਕੋਲੰਬੀਆ ਰਿਵਰ ਦੇ ਆਲ਼ੇ-ਦੁਆਲ਼ੇ ਵੱਖੋ-ਵੱਖਰੀਆਂ ਮਿੱਲਾਂ ਦੇ ਕਾਮਿਆਂ ਨਾਲ਼ ਤਿੰਨ ਮੀਟਿੰਗਾਂ ਕਰਕੇ 21 ਅਪ੍ਰੈਲ, 1913 ਨੂੰ ਅਸਟੋਰੀਆ ਵਿਚ ਲਾਲਾ ਹਰਦਿਆਲ ਨੇ ਗਦਰ ਪਾਰਟੀ ਦੀ ਸਥਾਪਨਾ ਕਰ ਦਿੱਤੀ ਸੀ। ਇਹ ਤਾਂ ਹੀ ਸੰਭਵ ਹੋ ਸਕਿਆ ਸੀ ਕਿਉਂਕਿ ਇਹ ਕਾਮੇ ਪਹਿਲਾਂ ਹੀ ਸਿਆਸੀ ਤੌਰ 'ਤੇ ਜਾਗ੍ਰਿਤ ਸਨ, ਹੋਰ ਲਾਲਾ ਹਰਦਿਆਲ ਕੋਲ਼ ਕਿਹੜੀ ਗਿੱਦੜ-ਸਿੰਗੀ ਸੀ ਜਿਸ ਨਾਲ਼ ਉਸ ਨੇ ਤਿੰਨਾਂ ਹਫਤਿਆਂ ਵਿਚ ਗਦਰ ਪਾਰਟੀ ਖੜ੍ਹੀ ਕਰ ਦਿੱਤੀ (ਵੈਸੇ ਗਦਰ ਅਖਬਾਰ ਸ਼ੁਰੂ ਕਰਕੇ ਲਾਲਾ ਹਰਦਿਆਲ ਨੇ ਗਦਰ ਲਹਿਰ ਨੂੰ ਜਿਨ੍ਹਾਂ ਬੁਲੰਦੀਆਂ 'ਤੇ ਪਹੁੰਚਾਇਆ ਤੇ ਦੂਜੇ ਦੇਸ਼ਾਂ ਦੀਆਂ ਇਨਕਲਾਬੀ ਪਾਰਟੀਆਂ ਨਾਲ਼ ਸੰਬੰਧ ਜੋੜਕੇ ਇਸ ਨੂੰ ਅੰਤਰ-ਰਾਸ਼ਟਰੀ ਲਹਿਰ ਬਣਾਇਆ ਉਹ ਲਾਲਾ ਹਰਦਿਆਲ ਦੀ ਹੀ ਦੇਣ ਹੈ)। ਬ੍ਰਤਾਨਵੀ ਸਰਕਾਰ ਸਮਝਦੀ ਸੀ ਕਿ ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿੱਛੋਂ ਗਦਰ ਪਾਰਟੀ ਖਤਮ ਹੋ ਜਾਵੇਗੀ ਪਰ ਅਜਿਹਾ ਨਹੀਂ ਸੀ ਹੋਇਆ। ਸੋਹਣ ਸਿੰਘ ਭਕਨੇ ਦੇ ਆਪਣੇ ਸ਼ਬਦਾਂ ਵਿਚ, "ਹਰਦਿਆਲ ਨੇ ਕੇਵਲ ਪੰਜ ਮਹੀਨੇ ਸਾਡੇ ਨਾਲ ਕੰਮ ਕੀਤਾ। ਜੇ ਉਹੀ ਪਾਰਟੀ ਦੀ ਜਿੰਦ-ਜਾਨ ਹੁੰਦਾ, ਤਾਂ ਉਸ ਦੇ ਜਾਣ ਪਿੱਛੋਂ ਇਹ ਲਹਿਰ ਜ਼ਰੂਰ ਮਰ ਮੁੱਕ ਜਾਂਦੀ, ਪਰ ਇੰਜ ਨਹੀਂ

---

[35] Lahore Conspiracy Case Judgement, September13, 1915,Individual Case of Kartar Singh, accused no. 39.

ਹੋਇਆ। ਸਗੋਂ ਲਹਿਰ ਹੋਰ ਮਜ਼ਬੂਤ ਹੋਈ। ਇਨਕਲਾਬ ਲਈ ਤਿਆਰੀ ਇਸ ਦੇ ਜਾਣ ਪਿੱਛੋਂ ਕੀਤੀ ਗਈ।"[36] ਇਸ ਲਈ ਮੈਂ ਕਹਿਣਾ ਚਾਹਾਂਗਾ ਕਿ ਗਦਰ ਪਾਰਟੀ ਨੂੰ ਬਣਾਉਣ, ਚਲਾਉਣ ਵਾਲ਼ਾ ਇਕੱਲਾ ਲਾਲਾ ਹਰਦਿਆਲ ਨਹੀਂ ਸੀ। ਇਹ ਬਹੁਤ ਸਾਰੇ ਗਦਰੀਆਂ ਦੇ ਸਾਂਝੇ ਯਤਨਾਂ ਦਾ ਸਿੱਟਾ ਸੀ।

**ਇਸ** ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗਦਰ ਲਹਿਰ ਦੀ ਰੂਹ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਤੋਂ ਆਏ ਸਿੱਖ ਸਨ ਜੋ ਹਿੰਦੁਸਤਾਨ ਵਿਚ ਰਹਿਦਿਆਂ ਸਿਆਸੀ ਤੌਰ 'ਤੇ ਜਾਗ੍ਰਿਤ ਨਹੀਂ ਸਨ ਤੇ ਉਹ ਉੱਥੇ ਅੰਗਰੇਜ਼ ਰਾਜ ਨੂੰ ਮਾੜਾ ਨਹੀਂ ਸੀ ਸਮਝਦੇ। ਉਹ ਕਨੇਡਾ-ਅਮਰੀਕਾ ਵਿਚ ਚੰਗੀ ਰੋਜ਼ੀ-ਰੋਟੀ ਦੀ ਭਾਲ਼ ਵਿਚ ਆਏ ਸਨ। ਨਸਲਵਾਦ, ਕਨੇਡਾ-ਅਮਰੀਕਾ ਦਾ ਆਜ਼ਾਦ ਮਾਹੌਲ, ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਇਨਕਲਾਬੀਆਂ ਨਾਲ ਮੇਲ-ਜੋਲ ਤੇ ਇੱਥੇ ਪੰਜਾਬ ਵਿਚਲੀ ਅੰਗਰੇਜ਼-ਪ੍ਰਸਤ ਸਿੱਖ ਲੀਡਰਸ਼ਿਪ ਦਾ ਨਾ ਹੋਣਾ ਉਨਾਂ ਦੇ ਸਿਆਸੀ ਤੌਰ 'ਤੇ ਜਾਗ੍ਰਿਤ ਹੋਣ ਅਤੇ ਗਦਰ ਪਾਰਟੀ ਸਥਾਪਿਤ ਕਰਨ ਦੇ ਵੱਡੇ ਕਾਰਨ ਸਨ। ਜੇ ਉਹ ਕਨੇਡਾ-ਅਮਰੀਕਾ ਜਾਂ ਹੋਰ ਬਾਹਰਲੇ ਦੇਸ਼ਾਂ ਵਿਚ ਨਾ ਆਉਂਦੇ ਤਾਂ ਹਿੰਦੁਸਤਾਨ ਵਿਚ ਰਹਿੰਦਿਆਂ ਉਹ ਸ਼ਾਇਦ ਅੰਗਰੇਜ਼ ਸਰਕਾਰ ਦੇ ਵਫਾਦਾਰ ਸੇਵਕ ਹੀ ਬਣੇ ਰਹਿੰਦੇ। ਬਹੁਤ ਵਧੀਆ ਸਿੱਖ ਹੁੰਦਿਆਂ ਉਨ੍ਹਾਂ ਇੱਥੇ ਸੈਕੂਲਰ ਸੋਚ ਅਪਣਾਈ ਤੇ ਹਿੰਦੂਆਂ, ਮੁਸਲਮਾਨਾ ਜਾਂ ਧਰਮ ਨੂੰ ਨਾ ਮੰਨਣ ਵਾਲ਼ੇ ਲੋਕਾਂ ਨਾਲ਼ ਰਲ਼ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਇਨਕਲਾਬੀ ਕੰਮਾਂ ਲਈ ਤਜਰਬੇ ਦੀ ਘਾਟ ਤੇ ਦੇਸ਼ ਦੇ ਲੋਕਾਂ ਵੱਲੋਂ ਸਹਿਯੋਗ ਨਾ ਮਿਲ਼ਨਾ ਗਦਰੀਆਂ ਦੇ ਕਾਮਯਾਬ ਨਾ ਹੋਣ ਦੇ ਵੱਡੇ ਕਾਰਨ ਸਨ। ਹਿੰਦੁਸਤਾਨ ਦੀ ਆਜ਼ਾਦੀ ਲਈ ਪੰਜਾਬ ਵਿਚ ਚੱਲੀ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਤੇ ਕਮਿਊਨਿਸਟ ਲਹਿਰ ਵਿਚ ਉਨ੍ਹਾਂ ਦੀ ਸਿੱਧੀ ਸ਼ਮੂਲੀਅਤ ਸੀ। ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਅਸੋਸੀਏਸ਼ਨ ਵਾਲ਼ੇ ਭਗਤ ਸਿੰਘ ਹੁਰੀਂ ਵੀ ਗਦਰੀਆਂ ਤੋਂ ਬਹੁਤ ਪ੍ਰਭਾਵਿਤ ਸਨ। ਇਸ ਤਰ੍ਹਾਂ ਕਨੇਡਾ- ਅਮਰੀਕਾ ਦੇ ਇਨ੍ਹਾਂ ਗਦਰੀ ਯੋਧਿਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਵੱਡਾ ਯੋਗਦਾਨ ਪਾਇਆ ਸੀ।

ਕਨੇਡਾ ਦੇ ਗਦਰੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਦੇ ਨਾਲ਼ ਨਾਲ਼ ਕਨੇਡਾ ਵਿਚ ਆਪਣੇ ਹੱਕਾਂ ਲਈ ਵੀ ਘੋਲ਼ ਲੜੇ ਸੀ। ਕਨੇਡਾ ਦੇ ਗਦਰੀਆਂ ਨੇ ਨਵੰਬਰ,1908 ਵਿਚ ਕਨੇਡੀਅਨ ਸਰਕਾਰ ਦੀ ਉਸ ਸਾਜ਼ਿਸ਼ ਨੂੰ ਫੇਲ੍ਹ ਕੀਤਾ ਸੀ ਜਿਸ ਅਧੀਨ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ 'ਚੋਂ ਕੱਢਕੇ ਬ੍ਰਿਟਿਸ਼ ਹਾਂਡੂਰਾਸ ਭੇਜਿਆ ਜਾਣਾ ਸੀ। ਇਨ੍ਹਾਂ ਗਦਰੀਆਂ ਨੇ ਸੰਘਰਸ਼ ਕਰਕੇ ਕਨੇਡਾ ਵਿਚ ਆਪਣੇ ਪਰਿਵਾਰ ਮੰਗਵਾ ਸਕਣ ਦਾ ਹੱਕ ਜਿੱਤਿਆ ਸੀ। ਚਾਲ਼ੀ ਸਾਲ ਦੀ ਲੰਮੀ ਜਦੋ-ਜਹਿਦ ਤੋਂ ਬਾਅਦ 2 ਅਪ੍ਰੈਲ, 1947 ਨੂੰ ਇਨ੍ਹਾਂ ਨੇ ਕਨੇਡਾ ਵਿਚ ਵੋਟ ਦਾ ਹੱਕ ਜਿੱਤਿਆ ਸੀ। ਕਨੇਡਾ ਦੀ ਭਾਰਤੀ ਕਮਿਊਨਿਟੀ ਕਨੇਡਾ ਵਿਚ ਅੱਜ ਜੋ ਮਾਣ-ਮੱਤਾ ਜੀਵਨ ਜੀ ਰਹੀ ਹੈ ਉਹ ਇਨ੍ਹਾਂ ਗਦਰੀਆਂ ਦੀਆਂ ਕੁਰਬਾਨੀਆਂ ਸਦਕਾ ਹੀ ਹੈ।

---

[36] ਪ੍ਰੇਮ ਸਿੰਘ ਬਜਾਜ, *ਦੋ ਪੈੜਾਂ ਇਤਿਹਾਸ ਦੀਆਂ*, ਪੰਨਾ 57.

‘